ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ੴ

ਲੜੀ/ਅੰਕ ਨੰ: 21/03 ਜੁਲਾਈ ਤੋਂ ਸਤੰਬਰ 2021 – ਨਾਨਕਸ਼ਾਹੀ ਹਾੜ ਤੋਂ ਅਸੂ 552

## ਇਤਿਹਾਸਿਕ ਦਿਹਾੜੇ

### ਜੁਲਾਈ ਤੋਂ ਸਤੰਬਰ 2021

| | |
|---|---|
| ਸਿਰਜਨਾ ਦਿਵਸ ਸ੍ਰੀ ਅਕਾਲ ਤਖਤ ਸਾਹਿਬ | 2 ਜੁਲਾਈ |
| ਸ਼ਹੀਦੀ ਭਾਈ ਮਨੀ ਸਿੰਘ ਜੀ | 9 ਜੁਲਾਈ |
| ਸ਼ਹੀਦੀ ਭਾਈ ਤਾਰੂ ਸਿੰਘ ਜੀ | 16 ਜੁਲਾਈ |
| ਮੀਰੀ ਪੀਰੀ ਦਿਵਸ (ਸ੍ਰੀ ਗੁਰੂ ਹਰਿਗੋਬਿੰਦ ਸਾਹਿਬ) | 19 ਜੁਲਾਈ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ | 2 ਅਗਸਤ |
| ਮੋਰਚਾ ਗੁਰੂ ਕਾ ਬਾਗ | 8 ਅਗਸਤ |
| ਸੰਪੂਰਨਤਾ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 29 ਅਗਸਤ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ | 7 ਸਤੰਬਰ |
| ਗੁਰਗਦੀ ਪੁਰਬ ਸ੍ਰੀ ਗੁਰੂ ਅਰਜਨ ਦੇਵ ਜੀ | 8 ਸਤੰਬਰ |
| ਜੋਤੀ ਜੋਤਿ ਗੁਰਪੁਰਬ ਰਾਮਦਾਸ ਜੀ | 9 ਸਤੰਬਰ |
| ਗੁਰਗੱਦੀ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਜੀ | 18 ਸਤੰਬਰ |
| ਜੋਤੀ ਜੋਤ ਗੁਰਪੁਰਬ ਅਮਰਦਾਸ ਜੀ | 20 ਸਤੰਬਰ |
| ਗੁਰਗੱਦੀ ਗੁਰਪੁਰਬ ਸ੍ਰੀ ਗੁਰੂ ਅੰਗਦ ਦੇਵ ਜੀ | 26 ਸਤੰਬਰ |

www.gurmatparsar.com

**ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)**

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com

# ਗੁਰੂ ਤੇਗ ਬਹਾਦਰ ਸਾਹਿਬ : ਜੀਵਨ, ਸ਼ਹਾਦਤ ਤੇ ਸੰਦੇਸ਼

ਡਾ. ਹਰਪ੍ਰੀਤ ਕੌਰ

ਮਾਨਵਤਾ ਦੇ ਇਤਿਹਾਸ ਵਿੱਚ ਕਦੀ-ਕਦੀ ਹੀ ਅਜਿਹਾ ਵਾਪਰਦਾ ਹੈ ਕਿ ਸਮੇਂ ਦੀ ਕੁੱਖ ਵਿੱਚੋਂ ਅਜਿਹੀ ਰੂਹ ਪ੍ਰਗਟ ਹੁੰਦੀ ਹੈ ਜਿਹੜੀ ਦਾਰਸਨਿਕ ਖੂਬੀਆਂ, ਫੌਲਾਦੀ ਹੌਂਸਲਾ, ਨਿਡਰਤਾ, ਸੱਚ ਤੇ ਧਰਮ ਵਿੱਚ ਅਟਲ ਵਿਸ਼ਵਾਸ, ਸਿਆਸੀ ਚੇਤਨਾ ਆਦਿ ਉਚੀਆਂ ਮਾਨਵੀ ਕੀਮਤਾਂ ਦਾ ਸੁੰਦਰ ਸੁਮੇਲ ਹੁੰਦੀ ਹੈ । ਸਮੁੱਚੀ ਭਾਰਤੀ ਸੰਸਕ੍ਰਿਤੀ ਅਤੇ ਸਿੱਖ ਕੋਮ ਲਈ ਇਹ ਵਿਸ਼ੇਸ਼ ਗੋਰਵ ਗੱਲ ਹੈ ਕਿ ਗੁਰੂ ਤੇਗ ਬਹਾਦਰ ਜੀ ਜਿਹੀ ਵਿਲਖਣ ਸ਼ਖਸ਼ੀਅਤ ਦੀ ਰਹਨੁਮਾਈ ਪ੍ਰਾਪਤ ਹੋਈ। ਗੁਰੂ ਤੇਗ ਬਹਾਦਰ ਜੀ ਵਿਸ਼ਵ ਦੇ ਇਤਿਹਾਸ ਵਿੱਚ ਉੱਚ ਪੱਧਰ ਦੇ ਸ਼ਹੀਦ ਹਨ ਕਿਉਂਕਿ ਉਨ੍ਹਾਂ ਦੀ ਸ਼ਹਾਦਤ ਆਪਣੀ ਕੌਮ ਜਾਂ ਦੇਸ਼ ਪ੍ਰਤੀ ਨਾ ਹੋ ਕੇ ਅਜਿਹੀ ਕੌਮ ਦੇ ਸਨਮਾਨ ਤੇ ਬਚਾਉਣ ਖਾਤਰ ਸੀ ਜਿਸਦੇ ਸਿਧਾਂਤਾਂ ਦਾ ਗੁਰਬਾਣੀ ਨਾਲ ਕਾਫ਼ੀ ਹੱਦ ਤੱਕ ਵਿਰੋਧ ਸੀ । ਗੁਰੂ ਤੇਗ ਬਹਾਦਰ ਸਾਹਿਬ ਸਿੱਖਾਂ ਦੇ ਨੌਵੇਂ ਗੁਰੂ ਸਨ । ਉਸ ਸਮੇਂ ਸਿੱਖ ਧਰਮ ਬਹੁਤ ਵਿਕਾਸ ਕਰ ਚੁੱਕਿਆ ਸੀ। ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਧਾਰਮਿਕ ਗ੍ਰੰਥ ਸਿੱਖਾਂ ਪਾਸ ਆ ਚੁੱਕਿਆ ਸੀ। ਸ੍ਰੀ ਅਕਾਲ ਤਖਤ ਸਾਹਿਬ ਦੇ ਰੂਪ ਵਿੱਚ ਕੇਂਦਰੀ ਅਸਥਾਨ ਸਥਾਪਤ ਹੋ ਚੁੱਕਾ ਸੀ। ਜਿੱਥੇ ਬੈਠ ਸਿੱਖ ਸੰਗਤ ਆਪਣੇ ਫੈਸਲੇ ਲੈ ਸਕਦੀ ਸੀ। ਸ੍ਰੀ ਹਰਿਮੰਦਰ ਸਾਹਿਬ ਦੇ ਰੂਪ ਵਿੱਚ ਧਾਰਮਿਕ ਕੇਂਦਰ ਸਥਾਪਿਤ ਹੋ ਚੁੱਕਾ ਸੀ। ਮੀਰੀ ਤੇ ਪੀਰੀ ਦੇ ਸੰਕਲਪ ਦੇ ਧਾਰਨੀ ਹੋ ਚੁਕਿਆ ਸਿੱਖ ਜਗਤ ਹਥਿਆਰਬੰਦ ਹੋ ਕੇ ਹਕੂਮਤ ਅਤੇ ਦੇਸ਼ ਵਿਰੋਧੀ ਸ਼ਕਤੀਆਂ ਨਾਲ ਟੱਕਰ ਲੈਣ ਲਈ ਤਿਆਰ-ਬਰ-ਤਿਆਰ ਸੀ। ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਨੇ ਸ਼ਾਸਕਾਂ ਦੀਆਂ ਅੱਖਾਂ ਵਿੱਚ ਇਹ ਸਭ ਰੜਕਣ ਲੱਗਾ ਸੀ । ਮੁਗਲਾਂ ਦੀ ਕਰੂੜ ਨੀਤੀ ਨੂੰ ਠੱਲ ਪਾਉਣ ਲਈ ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਦਿੱਤੀ ਅਤੇ 'ਹਿੰਦ ਦੀ ਚਾਦਰ' ਕਹਾਏ ਜਿਸ ਦਾ ਹਿੰਦੂ ਧਰਮ ਸਦਾ ਰਿਣੀ ਰਹੇਗਾ।

ਮਹਾਨ ਤਿਆਗੀ, ਕਰਮ ਯੋਗੀ, ਜਗਤ ਉਦਾਰਕ ਅਤੇ ਮਹਾਨ ਕਵੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਵਿਸਾਖ ਵਦੀ 5 ਸੰਮਤ 1678 ਬਿਕਮੀ (ਮੁਤਾਬਕ 1 ਅਪ੍ਰੈਲ 1621 ਈਸਵੀ:) ਨੂੰ ਅੰਮ੍ਰਿਤਸਰ ਵਿਖੇ ਹੋਇਆ । ਅੰਮ੍ਰਿਤਸਰ ਸ਼ਹਿਰ ਦੇ ਸਥਾਪਕ ਸ੍ਰੀ ਗੁਰੂ ਰਾਮਦਾਸ ਆਪ ਜੀ ਦੇ ਪੜਦਾਦਾ ਸਨ। ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਆਪ ਜੀ ਦੇ ਦਾਦਾ ਜੀ ਸਨ । ਆਪ ਜੀ ਦੇ ਚਾਰ ਵੱਡੇ ਭਰਾ ਸਨ- ਬਾਬਾ ਗੁਰਦਿਤਾ ਜੀ, ਬਾਬਾ ਸੂਰਜ ਮਲ ਜੀ, ਬਾਬਾ ਅਣੀ ਰਾਏ ਜੀ ਤੇ ਬਾਬਾ ਅੱਟਲ ਰਾਏ ਜੀ। ਆਪ ਜੀ ਦੀ ਭੈਣ ਦਾ ਨਾਂ ਬੀਬੀ ਵੀਰੋ ਜੀ ਸੀ। ਗੁਰੂ ਤੇਗ ਬਹਾਦਰ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਪੰਜਵੇਂ ਪੁੱਤਰ ਸਨ । ਆਪ ਜੀ ਦਾ ਜਨਮ ਮਾਤਾ ਨਾਨਕੀ ਜੀ ਦੀ ਕੁੱਖੋਂ 'ਗੁਰੂ ਕੇ ਮਹਿਲ' ਅੰਮ੍ਰਿਤਸਰ ਸਾਹਿਬ ਵਿਖੇ ਹੋਇਆ ।

ਆਪ ਜੀ ਦਾ ਬਚਪਨ ਅਧਿਆਤਮਿਕ ਵਾਤਾਵਰਨ ਵਿੱਚ ਬੀਤਿਆ । ਪਿਤਾ ਹਰਿ ਗੋਬਿੰਦ (ਗੁਰੂ) ਦੀ ਛਤਰ ਛਾਇਆ ਤੋਂ ਇਲਾਵਾ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਆਦਿ ਤਪੱਸਵੀਆ, ਬ੍ਰਹਮ ਗਿਆਨੀਆਂ ਅਤੇ ਉੱਚ ਕੋਟੀ ਦੇ ਕਵੀਆਂ ਦੀ ਸੰਗਤ ਨੇ ਸੋਨੇ ਉੱਤੇ ਸੁਹਾਗੇ ਦਾ ਕੰਮ ਕੀਤਾ । ਆਪ ਜੀ ਦੇ ਨਾਨਕੇ ਬਾਬਾ ਬਕਾਲੇ ਵਿਖੇ ਸਨ । ਆਪ ਦਾ ਸਾਰਾ ਬਚਪਨ ਆਪਣੇ ਪਿਤਾ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਦੇਖ ਰੇਖ ਹੇਠ ਹੀ ਪੂਰਨ ਹੋਇਆ ਸੀ । ਬਚਪਨ ਤੋਂ ਹੀ ਆਪ ਸੰਸਾਰਕ ਪਦਾਰਥਾਂ ਵਲੋਂ ਤਿਆਗ ਬਿਰਤੀ ਵਾਲੇ ਸਨ ਜਿਸ ਕਰਕੇ ਪਿਆਰ ਵੱਜੋਂ ਆਪ ਜੀ ਨੂੰ 'ਤਿਆਗ ਮੱਲ' ਕਿਹਾ ਜਾਂਦਾ ਸੀ । ਪਰ ਚੌਂਦਾਂ ਵਰਿਆਂ ਦੀ ਛੋਟੀ ਉਮਰੇ ਜਦੋਂ ਆਪ ਜੀ ਨੇ ਕਰਤਾਰਪੁਰ ਦੀ ਲੜਾਈ ਵਿੱਚ ਕਮਾਲ ਦੀ ਬਹਾਦਰੀ ਵਿਖਾਈ ਤਾਂ ਪਿਤਾ ਗੁਰੂ ਨੇ ਉਨ੍ਹਾਂ ਨੂੰ 'ਤੇਗ ਬਹਾਦਰ' ਦਾ ਖਿਤਾਬ ਦੇ ਕੇ ਸਨਮਾਨਤ ਕੀਤਾ । ਉਸੇ ਦਿਨ ਤੋਂ ਆਪ ਜੀ ਦਾ ਨਾਂ (ਗੁਰੂ) ਤੇਗ ਬਹਾਦਰ ਪ੍ਰਸਿੱਧ ਹੋ ਗਿਆ । (ਗੁਰੂ) ਤੇਗ ਬਹਾਦਰ ਜੀ ਨੂੰ ਬਚਪਨ ਵਿੱਚ ਹਰ ਪ੍ਰਕਾਰ ਦੀ ਸਾਹਿਤਕ, ਸੰਗੀਤਕ, ਸੈਨਿਕ ਅਤੇ ਅਧਿਆਤਮਿਕ ਸਿੱਖਿਆ ਦੇਣ ਦਾ ਪ੍ਰਬੰਧ ਕੀਤਾ ਗਿਆ । (ਗੁਰੂ) ਤੇਗ ਬਹਾਦਰ ਜੀ ਦੀ ਸ਼ਖਸ਼ੀਅਤ ਅੰਦਰ ਗੁਰੂ ਹਰਿ ਗੋਬਿੰਦ ਸਾਹਿਬ ਦੀ ਸਖਸ਼ੀਅਤ ਦੇ ਦੈਵੀ ਗੁਣ ਸਹਿਜ ਸੁਭਾਅ ਪ੍ਰਵੇਸ਼ ਕਰ ਗਏ ਸਨ । ਸੰਨ 1632 ਈ: (15 ਅੱਸੂ 1689ਬਿ) ਗੁਰੂ ਤੇਗ ਬਹਾਦਰ ਜੀ ਦਾ ਵਿਆਹ ਕਰਤਾਰਪੁਰ ਦੇ ਗੁਰਸਿੱਖ ਭਾਈ ਲਾਲ ਚੰਦ ਦੀ ਸਪੁੱਤਰੀ ਮਾਤਾ ਗੁਜਰੀ ਜੀ ਨਾਲ ਕਰ ਦਿੱਤਾ ਗਿਆ । ਗੁਰੂ ਤੇਗ ਬਹਾਦਰ ਜੀ ਵਾਂਗ ਉਹ ਵੀ ਗਹਿਰ ਗੰਭੀਰ ਅਤੇ ਸਹਿਣਸ਼ੀਲ ਸੁਭਾਅ ਦੇ ਸਨ । ਗੁਰੂ ਜੀ ਨੂੰ ਚੜ੍ਹਦੀ ਜੁਆਨੀ ਦੇ ਸਮੇਂ ਤੱਕ ਅਧਿਆਤਮਿਕ ਅਤੇ ਵਿਵਹਾਰਕ ਜੀਵਨ ਦੇ ਅਨੇਕਾਂ ਪੱਖਾਂ ਬਾਰੇ ਸਮੇਂ ਦੀ ਰਾਜਮੀ ਹਾਲਤ ਸਮੇਤ ਡੂੰਘਾ ਅਨੁਭਵ ਹੋ ਚੁੱਕਾ ਸੀ । (ਗੁਰੂ) ਤੇਗ ਬਹਾਦਰ ਜੀ ਕਰਤਾਰਪੁਰ ਦੀ ਜੰਗ ਵਿੱਚ ਅਦੁੱਤੀ ਜੌਹਰ ਦਿਖਾਏ । ਆਪ ਜੀ ਦੀ ਸੂਰਬੀਰਤਾ ਨੇ ਸਿੱਖ ਸੰਗਤ ਨੂੰ ਹੈਰਾਨ ਕਰ ਦਿੱਤਾ । ਮਗਰੋਂ ਆਪ ਜੀ ਹਰਿ ਗੋਬਿੰਦ ਸਾਹਿਬ ਜੀ ਅਤੇ ਬਾਕੀ ਪਰਿਵਾਰ ਸਮੇਤ ਕੀਰਤਪੁਰ ਆ ਗਏ । (ਗੁਰੂ) ਤੇਗ ਬਹਾਦਰ ਜੀ ਦੇ ਮਨ ਦੀ ਗਹਿਰ ਗੰਭੀਰ ਸਥਿਤੀ ਹੋਰ ਵੀ ਜ਼ਿਆਦਾ ਗੰਭੀਰ ਹੋ ਗਈ ਜਦੋਂ ਬਾਬਾ ਗੁਰਦਿੱਤਾ ਜੀ ਦੇ ਸਰੀਰ ਤਿਆਗਣ ਉਪਰੰਤ ਧੀਰ ਮੱਲ ਨੇ ਬੋਲ ਕਬੋਲ ਬੋਲੇ । ਆਪਣੇ ਭਰਾ ਦੇ ਪਰਿਵਾਰ ਦੇ ਅੱਗੇ ਸੰਤਾਨ ਨਾ ਹੋਣ ਕਾਰਨ ਆਪਣੇ ਆਪ ਨੂੰ ਹੀ ਇੱਕੋ ਇੱਕ ਉਤਧਿਕਾਰੀ ਸਮਝਦਾ ਸੀ । ਧੀਰਮੱਲ ਬਾਬਾ ਗੁਰਦਿੱਤਾ ਜੀ ਦਾ ਵੱਡਾ ਪੁੱਤਰ ਸੀ ਕਿਉਂਕਿ ਉਹ ਆਪਣੇ ਆਪ ਨੂੰ ਉੱਤਧਿਕਾਰੀ ਸਮਝਦਾ ਸੀ । ਗੁਰੂ ਜੀ ਦੁਆਰਾ (ਗੁਰੂ) ਤੇਗ ਬਹਾਦਰ ਜੀ ਦੀ ਗੁਰਿਆਈ ਦਾ ਐਲਾਨ ਕਰਨ ਲਈ ਸੰਗਤਾਂ ਨੂੰ ਕੀਰਤਪੁਰ ਆਉਣ ਦਾ ਸੱਦਾ ਦਿੱਤਾ । ਧੀਰਮੱਲ ਨੂੰ ਸ੍ਰੀ ਗ੍ਰੰਥ ਸਾਹਿਬ ਦੀ ਬੀੜ ਲੈ ਕੇ ਆਉਣ ਦਾ ਹੁਕਮ ਦਿੱਤਾ ਸੀ ਪਰ ਉਨ੍ਹਾਂ

ਨੇ ਆਗਿਆ ਦਾ ਪਾਲਣ ਨਾ ਕੀਤਾ। ਇਸ ਮਗਰੋਂ ਗੁਰੂ ਜੀ ਨੇ ਮਾਤਾ ਨਾਨਕੀ ਜੀ ਨੂੰ ਆਪਣੇ ਸਪੁੱਤਰ (ਗੁਰੂ) ਤੇਗ ਬਹਾਦਰ ਜੀ ਸਮੇਤ ਬਕਾਲਾ ਚਲੇ ਜਾਣ ਲਈ ਆਦੇਸ਼ ਦਿੱਤਾ। ਇੱਥੇ ਗ੍ਰਹਿਸਥੀ ਜੀਵਨ ਵਿੱਚ ਵਿਚਰਦੇ ਹੋਏ ਆਪਣਾ ਵਧੇਰਾ ਸਮਾਂ ਪ੍ਰਭੂ ਭਗਤੀ ਤੇ ਪ੍ਰਭੂ ਸਿਮਰਨ ਵਿੱਚ ਬਿਤਾਉਂਦੇ ਰਹੇ। ਗੁਰੂ ਹਰਿ ਕ੍ਰਿਸ਼ਨ ਜੀ 1664 ਈ: ਵਿੱਚ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਨੂੰ ਆਪਣਾ ਉੱਤਰਾਧਿਕਾਰੀ ਐਲਾਨ ਕਰ ਗਏ ਸਨ। ਇਸ ਤੋਂ ਪਹਿਲਾਂ ਗੁਰੂ ਜੀ ਨੇ ਅਗਲੇ ਗੁਰੂ ਦੇ ਬਕਾਲੇ ਹੋਣ ਬਾਰੇ ਸੰਕੇਤ ਕੀਤੇ ਸਨ 'ਬਾਬਾ ਬਕਾਲੇ' ਇਸ ਦਾ ਭਾਵ ਸੀ ਕਿ ਗੁਰੂ ਗੱਦੀ ਤੇ ਬਿਰਾਜਮਾਨ ਹੋਣ ਵਾਲੇ ਗੁਰੂ 'ਬਕਾਲੇ' ਵਿਖੇ ਹਨ। ਅਸਪਸ਼ਟ ਸੰਕੇਤ ਕਾਰਣ ਗੁਰਗੱਦੀ ਦੇ ਕਈ ਵਾਰਿਸ ਖੜ੍ਹੇ ਹੋ ਗਏ ਤੇ ਅਖੌਤੀਆਂ ਗੱਦੀਆਂ ਵਿੱਚ ਸੱਚੇ ਗੁਰੂ ਨੂੰ ਲੱਭਣ ਦੀ ਸੇਵਾ ਮੱਖਣ ਸ਼ਾਹ ਲੁਭਾਣਾ ਜੀ ਨੇ ਨਿਭਾਈ। 'ਮੱਖਣ ਸ਼ਾਹ ਲੁਭਾਣਾ' ਗੁਰੂਤੱਵ ਨੂੰ ਪਹਿਚਾਨਣ ਵਾਲਾ ਸਿੱਖ ਸੀ ਉਸ ਨੇ ਪਹਿਲੀ ਨਦਰ ਵਿੱਚ ਹੀ ਨਿਹਾਲ ਹੋ ਗਿਆ। ਉਸ ਨੇ ਭਰਪੂਰ ਸਾਹਸ ਤੇ ਵਿਗਾਸ ਨਾਲ ਗੁਰੂ ਲਾਧੋ ਰੇ, ਗੁਰੂ ਲਾਧੋ ਰੇ ਦਾ ਉੱਚਾ ਨਾਹਰਾ ਮਾਰਿਆ। ਗੁਰੂ ਤੇਗ ਬਹਾਦਰ ਜੀ ਦੇ ਪ੍ਰਗਟ ਹੋਣ ਨਾਲ ਵਿਰੋਧੀਆਂ ਵੱਲੋਂ ਉਪਜੇ ਭਰਮ ਭਲੇਖਿਆਂ ਦੀ ਨਵਿਰਤੀ ਹੋ ਗਈ ਅਤੇ ਸਿੱਖ ਜਗਤ ਮੁੜ ਆਪਣੇ 'ਗੁਰੂ' ਦੀ ਤਾਬਿਆਂ ਵਿੱਚ ਜੁੜ ਬੈਠਣ ਲੱਗਾ। ਇਸ ਦਾ ਸੰਨ 1664 ਈ: (ਚੇਤ ਸੁਦੀ 14, 1721 ਬਿ) ਨੂੰ 43 ਵਰਿਆਂ ਦੀ ਉਮਰ ਵਿੱਚ ਗੁਰੂ ਗੱਦੀ ਤੇ ਬਿਰਾਜਮਾਨ ਹੋਏ।

(ਗੁਰੂ) ਤੇਗ ਬਹਾਦਰ ਜੀ 'ਗੁਰੂ ਜੋਤਿ' ਦਾ ਅਧਿਕਾਰੀ ਬਣ ਕੇ ਜਿੱਥੇ ਬੜੀ ਨਿਡਰਤਾ ਤੇ ਦ੍ਰਿੜਤਾ ਨਾਲ ਸਿੱਖ ਪੰਥ ਦੀ ਰਹਿਨ ਮਾਈ ਕੀਤੀ। ਸੰਨ 1666 ਵਿੱਖੇ (ਸੰ 1723 ਬਿ:) ਨੂੰ ਅਨੰਦਪੁਰ ਦੀ ਨੀਂਹ ਰੱਖੀ ਇਹ ਤਿੰਨ ਪਿੰਡਾਂ-ਲੋਦੀਪੁਰ, ਮੀਆਪੁਰ ਅਤੇ ਸਹੋਦੇ ਦੀ ਸਾਂਝੀ ਧਰਤੀ ਸੀ। ਇਸ ਦਾ ਨਾਂ 'ਚੱਕ ਨਾਨਕੀ' ਰੱਖਿਆ ਗਿਆ। ਪ੍ਰਚਾਰਕ ਦੌਰਿਆਂ ਸਮੇਂ ਆਪ ਜੀ ਨੇ ਧਰਮ ਪ੍ਰਚਾਰ ਕੀਤਾ ਕੁਝ ਵਰੇ ਅਨੰਦਪੁਰ ਵਿੱਚ ਧਰਮ ਪ੍ਰਚਾਰ ਕਰਦੇ ਰਹੇ ਮਗਰੋਂ ਯਾਤਰਾਵਾਂ ਆਰੰਭ ਕੀਤੀਆਂ (ਬਨਾਰਸ, ਪਟਨਾ, ਗਯਾ ਆਦਿ) 22 ਦਸੰਬਰ 1664 ਈ: (7 ਪੋਹ ਸੁਦੀ 1723 ਬਿ:) ਨੂੰ ਆਪ ਜੀ ਗ੍ਰਹਿ ਵਿਖੇ ਬਾਲਕ ਗੋਬਿੰਦ ਰਾਏ ਨੇ ਜਨਮ ਲਿਆ। ਉਸ ਸਮੇਂ ਇਸ ਇਲਾਕੇ ਪਟਿਆਲੇ ਅਤੇ ਸੰਗਰੂਰ ਆਦਿ ਦੇ ਪਿੰਡਾਂ ਵਿੱਚ ਵੀ ਆਪਣੇ ਪਵਿੱਤਰ ਚਰਨ ਪਾਏ। ਯਾਤਰਾਵਾਂ ਦੌਰਾਨ ਸੰਗਤਾਂ ਵਿੱਚ ਨਵੀਂ ਚੇਤਨਾ ਭਰੀ। ਪ੍ਰੰਤੂ ਸਰਕਾਰੀ ਗੁਰੂ ਵਿਰੋਧੀਆਂ ਨੇ ਇਨ੍ਹਾਂ ਗਤੀਵਿਧੀਆਂ ਨੂੰ ਵਧਾ ਚੜ੍ਹਾ ਕੇ ਸਰਕਾਰੇ-ਦਰਬਾਰੇ ਪੇਸ਼ ਕੀਤਾ। ਸਿੱਖ ਧਰਮ ਦੀ ਵਧਦੀ ਸ਼ਕਤੀ ਤੇ ਸੰਗਠਨ ਨੇ ਆਪਣੇ ਸਮੇਂ ਦੇ ਸ਼ਾਸਕ ਵਰਗ ਨੂੰ ਚਿੰਤਾਂ ਵਿੱਚ ਪਾ ਦਿੱਤਾ। ਅਕਬਰ ਨੇ ਪ੍ਰਭੁਸੱਤਾ ਦਾ ਉੱਚ ਆਦਰਸ਼ ਕਾਇਮ ਕੀਤਾ ਸੀ। ਉਹ ਪਹਿਲਾਂ ਹੋ ਚੁੱਕੇ ਮੁਸਲਮਾਨਾਂ ਹੁਕਮਰਾਨਾਂ ਦੀ ਤਰ੍ਹਾਂ ਕੱਟੜ ਨਹੀਂ ਸੀ। ਉਸ

ਨੇ ਇਸ ਵਿਚਾਰ ਨੂੰ ਤਿਆਗ ਦਿੱਤਾ ਸੀ ਕਿ ਉਹ ਕੇਵਲ ਮੁਸਲਮਾਨਾਂ ਦਾ ਹੀ ਬਾਦਸ਼ਾਹ ਹੈ। ਇੱਕ ਸੱਚੇ ਆਜ਼ਾਦ ਖਿਆਲੀਏ ਦੀ ਤਰ੍ਹਾਂ ਉਸ ਨੇ ਆਪਣੇ ਆਪ ਨੂੰ ਜਮਾਨੇ ਦੇ ਧਾਰਮਿਕ ਪੱਖਪਾਤ ਤੋਂ ਉੱਚਾ ਚੁੱਕ ਕੇ ਨੌਕਰੀਆਂ ਦੀ ਭਰਤੀ ਵਿੱਚ ਕਰ ਲਾਉਣਾ, ਧਰਮ ਅਤੇ ਸੰਸਕ੍ਰਿਤ ਮਾਮਲਿਆਂ ਵਿੱਚ ਮੁਸਲਮਾਨਾਂ ਅਤੇ ਗੈਰ ਮੁਸਲਮਾਨਾਂ ਦੇ ਵਿਚਕਾਰ ਸਾਰੇ ਵਿਤਕਰੇ ਮਿਟਾ ਦਿੱਤੇ ਸਨ। ਅਕਬਰ ਦੇ ਉੱਤਰ ਅਧਿਕਾਰੀਆਂ, ਜਹਾਂਗੀਰ ਅਤੇ ਸ਼ਾਹਜਹਾਂ ਨੇ ਇਸ ਤਰ੍ਹਾਂ ਸ਼ੁਰੂ ਹੋਈ ਖੁਲਦਿਲੀ ਵਾਲੀ ਨੀਤੀ ਨੂੰ ਕਾਫੀ ਹੱਦ ਤੱਕ ਕਾਇਮ ਰੱਖਿਆ। ਨਕਸਬੰਦੀ ਸੂਫੀ ਸਿਲਸਿਲੇ ਦੇ ਆਗੂ ਸ਼ੇਖ ਅਹਿਮਦ ਨੇ ਖੁਲਦਿਲੀ ਨੀਤੀ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਔਰੰਗਜ਼ੇਬ ਦੇ ਗੱਦੀ ਤੇ ਬੈਠਣ ਤੋਂ ਬਾਅਦ ਸ਼ੇਖ ਅਹਿਮਦ ਉਸ ਦਾ ਹਮੈਤੀ ਬਣਿਆ ਕਿਉਂਕਿ ਔਰੰਗਜ਼ੇਬ ਸਰਹੱਦੀ ਵਿਚਾਰਧਾਰਾ ਦਾ ਉੱਘਾ ਪੈਰੋਕਾਰ ਸੀ। ਉਹ ਅਕਬਰ ਦੀਆਂ ਨੀਤੀਆਂ ਨੂੰ ਇਸਲਾਮੀ ਧਰਮ ਤੇ ਹਕੂਮਤ ਲਈ ਖਤਰਨਾਕ ਦੱਸਦਾ ਸੀ। ਔਰੰਗਜ਼ੇਬ ਨੇ ਆਪਣਾ ਰਾਜ ਕੱਟਣ ਸ਼ਰੱਈ ਦੇ ਤੌਰ ਤੇ ਸ਼ੁਰੂ ਕੀਤਾ। ਔਰੰਗਜ਼ੇਬ ਭਾਰਤੀਆਂ ਨੂੰ ਇਸਲਾਮੀ ਧਰਮ ਕਬੂਲ ਕਰਵਾਉਣ ਲਈ ਨਿਰਣਾ ਲੈ ਚੁੱਕਾ ਸੀ। ਉਸਨੇ ਪਹਿਲਾਂ ਹਮਲਾ ਬ੍ਰਾਹਮਣ ਸ਼੍ਰੇਣੀ ਉਪਰ ਕੀਤਾ। ਕਿਉਂਕਿ ਬ੍ਰਾਹਮਣ ਕਈ ਸਦੀਆਂ ਤੋਂ ਧਰਮ ਦੇ ਠੇਕੇਦਾਰ ਬਣੇ ਬੈਠੇ ਸਨ। ਪਹਿਲਾਂ ਉਸਨੇ ਧਰਮ ਤਬਦੀਲੀ ਬਦਲੇ ਜ਼ਮੀਨਾ ਤੇ ਉੱਚ ਪਦਵੀਆਂ ਦਾ ਲਾਲਚ ਦਿੱਤਾ ਪਰ ਜਦੋਂ ਉਸ ਨੂੰ ਜਿੱਤ ਹਾਸਿਲ ਨਾ ਹੁੰਦੀ ਦਿਖਾਈ ਦਿੱਤੀ ਤਾਂ ਉਸਨੇ ਸਖ਼ਤੀ ਨਾਲ ਕੰਮ ਲੈਣਾ ਸ਼ੁਰੂ ਕਰ ਦਿੱਤਾ। ਜ਼ੋਰ-ਜਬਰ ਨਾਲ ਇਸਲਾਮ ਕਬੂਲ ਕਰਵਾਇਆ ਜਾਣ ਲੱਗਾ। ਔਰੰਗਜ਼ੇਬ ਨੇ ਲਾਲਚ ਅਤੇ ਡਰ ਦੋਹਾਂ ਹਥਿਆਰਾਂ ਨਾਲ ਦੂਜੇ ਧਰਮਾਂ ਦੇ ਮੰਨਣ ਵਾਲਿਆਂ ਨੂੰ ਮੁਸਲਮਾਨ ਬਣਾ ਕੇ ਸਮੁੱਚੇ ਭਾਰਤ ਨੂੰ 'ਦਾਰੋ ਇਸਲਾਮ' ਬਣਾਉਣਾ ਚਾਹੁੰਦਾ ਸੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਮੁੱਖ ਕਾਰਨ ਵੀ ਔਰੰਗਜ਼ੇਬ ਦੀ ਕੱਟੜ ਨੀਤੀ ਸੀ। ਔਰੰਗਜ਼ੇਬ ਕਿੰਨਾ ਪੱਥਰ ਦਿਲ ਤੇ ਬੇਦਰਦ ਸੀ ਕਿ ਉਸ ਦਾ ਅੰਦਾਜ਼ਾ ਇੱਥੋਂ ਲਗਾਇਆ ਜਾ ਸਕਦਾ ਹੈ ਕਿ ਉਸਨੇ ਆਪਣੇ ਪਿਤਾ ਸ਼ਾਹ ਜਹਾਨ ਨੂੰ ਕੈਦ ਕਰ ਲਿਆ। ਉਸਨੇ ਆਪਣੇ ਭਰਾ ਦਾਰਾ ਨੂੰ ਮਰਵਾ ਦਿੱਤਾ। ਮੁਰਾਦ ਨੂੰ ਸ਼ਰਾਬ ਵਿੱਚ ਜ਼ਹਿਰ ਦੇ ਕੇ ਮਰਵਾ ਦਿੱਤਾ। ਵੱਡੇ ਪੁੱਤਰ ਨੂੰ ਮੁਲਤਾਨ ਮੁਹੰਮਦ ਨੂੰ 36 ਸਾਲ ਦੀ ਉਮਰ ਵਿੱਚ ਮਾਰ ਦਿੱਤਾ ਤਾਂ ਜੋ ਰਾਜ ਦਾ ਦਾਅਵਾ ਨਾ ਕਰੇ। ਇਸ ਸੰਬੰਧੀ ਪੰਡਿੰਤ ਕ੍ਰਿਪਾ ਰਾਮ ਲਿਖਦੇ ਹਨ ਕਿ "ਤਾਕਤ ਦੇ ਨਸ਼ੇ ਵਿੱਚ ਤੁਰਕ ਮਸਤੇ ਹੋਏ ਹਾਥੀ ਵਾਂਗ ਭਤੂਰੇ ਹੋਏ ਸਨ ਅਤੇ ਹਿੰਦੂ ਧਰਮ ਦੇ ਬ੍ਰਿਛ ਨੂੰ ਜੜੋਂ ਉਖਾੜਨਾ ਚਾਹੁੰਦੇ ਹਨ। ਆਪ ਜਿਹੇ ਸ਼ੇਰ ਦੇ ਹੁੰਦਿਆਂ ਸਾਨੂੰ ਯਕੀਨ ਹੈ ਕਿ ਉਹ ਮੂੰਹ ਦੀ ਖਾਣਗੇ।"

ਸਿੱਖ ਧਰਮ ਦਾ ਵੱਧਦਾ ਪ੍ਰਚਾਰ ਦੇਖ ਕੇ ਔਰੰਗਜ਼ੇਬ ਦੇ ਮਨ ਵਿੱਚ ਸਿੱਖ ਧਰਮ ਇਸ ਦੇ ਗੁਰੂਆਂ ਤੇ ਸਿੱਖਾਂ ਪ੍ਰਤੀ ਵਿਰੋਧ ਵੱਧਦਾ ਜਾ ਰਿਹਾ ਸੀ। ਕਸ਼ਮੀਰੀ ਪੰਡਿਤ (ਬ੍ਰਾਹਮਣ) ਔਰੰਗਜ਼ੇਬ ਦੇ ਅਤਿਆਚਾਰਾਂ ਤੋਂ ਤੰਗ ਆ ਕੇ ਗੁਰੂ ਤੇਗ ਬਹਾਦਰ ਜੀ ਪਾਸ

ਆ ਪੁੱਜੇ ਤੇ ਆਪਣੇ ਧਰਮ ਨੂੰ ਬਚਾਉਣ ਲਈ ਜੋਦੜੀ ਕੀਤੀ। ਉਨ੍ਹਾਂ ਦੀ ਕੁਰਲਾਹਟ ਸੁਣ ਕੇ ਗੁਰੂ ਤੇਗ ਬਹਾਦਰ ਜੀ ਸੋਚ ਦੇ ਡੂੰਘੇ ਸਾਗਰ ਵਿੱਚ ਉੱਤਰ ਗਏ। ਉਸ ਸਮੇਂ ਗੋਬਿੰਦ ਰਾਏ ਜੀ ਪਿਤਾ ਜੀ ਨੂੰ ਗੰਭੀਰਤਾ ਵਿੱਚ ਦੇਖਦੇ ਹੋਏ ਉਨ੍ਹਾਂ ਦੀ ਉਦਾਸੀ ਭਰੀ ਚੁੱਪ ਦਾ ਕਾਰਨ ਪੁੱਛਣ ਲੱਗੇ ਤਾਂ ਗੁਰੂ ਤੇਗ ਬਹਾਦਰ ਜੀ ਨੇ ਆਖਿਆ "ਧਰਮ ਦੀ ਡੋਲਦੀ ਬੇੜੀ ਨੂੰ ਬਚਾਉਣ ਲਹੀ ਕਿਸੇ ਮਹਾਪੁਰਖ ਦੇ ਬਲੀਦਾਨ ਦੀ ਲੋੜ ਹੈ।" ਇਸ ਸਮੇਂ ਗੁਰੂ ਤੇਗ ਬਹਾਦਰ ਜੀ ਦੇ ਸਾਹਮਣੇ ਵੀ ਅਜਿਹੀ ਸਥਿਤੀ ਪੈਦਾ ਹੋ ਗਈ ਸੀ ਕਿ ਬਲ ਪੂਰਵਕ ਧਰਮ ਪਰਿਵਰਤਨ ਦੀ ਅਤਿ ਹੋ ਗਈ ਸੀ। ਕਸ਼ਮੀਰ ਦੇ ਬ੍ਰਾਹਮਣਾਂ ਦੀ ਪੁਕਾਰ ਸੁਣ ਕੇ ਭਾਰਤੀ ਸੰਸਕ੍ਰਿਤੀ ਦੇ ਪ੍ਰਤੀਕ ਤਿਲਕ ਜੰਜੂ ਨੂੰ ਨਸ਼ਟ ਹੋਣ ਤੋਂ ਬਚਾਉਣਾਂ ਹੀ ਯੁਗ ਦੀ ਆਵਾਜ਼ ਸੀ। ਅਨਿਆ ਨੂੰ ਖਤਮ ਕਰਨ ਦਾ ਸੰਕਲਪ ਲਿਆ ਅਤੇ ਪਿਤਾ ਗੁਰੂ ਨੇ ਬ੍ਰਾਹਮਣਾਂ ਨੂੰ ਸਹਿਜ ਸੁਭਾ ਆਖਿਆ "ਤੁਸੀ ਔਰੰਗਜ਼ੇਬ ਨੂੰ ਕਹਿ ਦਿਉ ਸਾਡਾ ਗੁਰੂ ਇਸਲਾਮੀ ਹਕੂਮਤ ਦੇ ਜੁਲਮ ਤੇ ਸਿਤਮ ਦੁਆਰਾ ਕੀਤੀ ਜਾ ਰਹੀ ਧਰਮ ਤਬਦੀਲੀ ਬਾਰੇ ਔਰੰਗਜ਼ੇਬ ਦੇ ਭਰਮ ਭੁਲੇਖੇ ਦੂਰ ਕਰਨ ਲਈ ਆਪ ਦਿੱਲੀ ਆ ਰਿਹਾ ਹੈ। ਇਤਿਹਾਸ ਵਿੱਚ ਪਹਿਲੀ ਵਾਰ ਸੀ ਕਿ ਕਾਤਿਲ ਦੇ ਘਰ ਮਕਤੂਲ ਜਾਏਗਾ। ਗੁਰੂ ਤੇਗ ਬਹਾਦਰ ਜੀ ਦੇ ਫੈਸਲੇ ਵਿੱਚ ਉਨ੍ਹਾਂ ਦੀ ਸ਼ਖਸ਼ੀਅਤ ਵਿੱਚ ਇਨਸਾਫ, ਸੁੰਦਰਤਾ, ਅਣਖ, ਕੁਰਬਾਨੀ ਆਦਿ ਗੁਣਾਂ ਦੀ ਜਗਮਗਾਹਟ ਦਿਖਾਈ ਦੇ ਰਹੀ ਹੈ। ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਪਹੁੰਚ ਕੇ ਔਰੰਗਜ਼ੇਬ ਦੁਆਰਾ ਦਿੱਤੇ ਸਾਰੇ ਲਾਲਚ ਠੁਕਰਾ ਦਿੱਤੇ। ਇਸ ਮਗਰੋਂ ਔਰੰਗਜ਼ੇਬ ਨੇ ਆਪਣੀ ਕੱਟੜਤਾ ਦਾ ਸਬੂਤ ਦਿੰਦੇ ਹੋਏ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ (ਕਤਲ) ਦੇ ਹੁਕਮ ਦੇ ਦਿੱਤੇ। ਜਿਹੜੀਆਂ ਮਹਾਨ-ਅਲੌਕਿਕ ਨੂਰ ਨਾਲ ਰੋਸ਼ਨਾਈਆਂ ਰੂਹਾਂ ਆਪਣੀ ਕੌਮ ਦੀ ਮਾਣ ਮਰਿਆਦਾ ਅਤੇ ਮਨੁੱਖੀ ਸਵੈਮਾਨ ਦੀ 'ਸ਼ਹੀਦ' ਤੇ 'ਸ਼ਹਾਦਤ' ਨੂੰ ਸਪਸ਼ਟ ਕਰਨਾ ਲਾਜ਼ਮੀ ਹੈ ਇਸ ਤਰ੍ਹਾਂ ਬਹਾਲੀ ਲਈ ਕੁਦਰਤੀ ਮੌਤ ਦੀ ਉਡੀਕ ਨਾ ਕਰਦੇ ਹੋਏ ਆਪਣੀ ਮੌਤ ਨੂੰ ਆਪ ਗਲੇ ਮਿਲਦੇ ਹਨ ਅਜਿਹੇ ਲੋਕਾਂ ਨੂੰ ਸੰਸਾਰ ਵਿੱਚ 'ਸ਼ਹੀਦ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੀ ਸਵੈ-ਕੁਰਬਾਨੀ ਨੂੰ 'ਸ਼ਹਾਦਤ' ਦੇ ਦਰਜੇ ਨਾਲ ਸਨਮਾਨਿਆ ਜਾਂਦਾ ਹੈ। ਅਸਲ ਵਿੱਚ 'ਸ਼ਹੀਦ' ਉਹ ਅਦੁੱਤੀ ਸ਼ਖਸੀਅਤ ਹੁੰਦਾ ਹੈ ਜਿਹੜਾ ਮੌਤ ਦੇ ਭੈ ਤੋਂ ਕੋਹਾਂ ਦੂਰ ਹੁੰਦਾ ਹੈ। ਉਹ ਉਚੀਆਂ ਕੀਮਤਾਂ ਦੀ ਬਹਾਲੀ ਲਈ ਲੋਕਾਂ ਨੂੰ ਜਾਗਰਤ ਕਰਦਾ ਹੈ। ਉਸਦੀ ਸਮੁੱਚੀ ਜ਼ਿੰਦਗੀ ਦੂਸਰਿਆਂ ਨੂੰ ਸਮਰਪਿਤ ਹੁੰਦੀ ਹੈ ਉਹ ਦੂਸਰਿਆਂ ਦੀ ਬਹਾਲੀ ਲਈ ਆਪਣਾ-ਆਪ ਕੁਰਬਾਨ ਕਰਨ ਲਈ ਤੱਤਪਰ ਰਹਿੰਦਾ ਹੈ। 'ਸ਼ਹੀਦ' ਅਰਬੀ ਭਾਸ਼ਾ ਦਾ ਸ਼ਬਦ ਹੈ। ਅੰਗਰੇਜ਼ੀ ਵਿੱਚ ਮਾਰਟੀਅਰ (Mautyr) ਦਾ ਸਮਾਨਾਰਥੀ ਹੈ। ਸ਼ਹੀਦ ਸ਼ਬਦ ਦਾ ਅਰਥ ਕਬੂਲ ਕਰਨ ਵਾਲਾ, ਗਵਾਹੀ ਆਦਿ ਹਨ। ਆਪਣੇ ਧਾਰਮਿਕ ਨਿਸ਼ਚੇ ਉੱਪਰ ਦ੍ਰਿੜ ਰਹਿਣ ਵਾਲਾ ਵਿਅਕਤੀ ਕੀਤੇ ਗਏ ਹਨ। ਕਾਨ੍ਹ ਸਿੰਘ ਨਾਭਾ ਨੇ ਸ਼ਹੀਦ ਦੇ ਅਰਥ

ਸ਼ਹਾਦਤ, ਗਵਾਹੀ, ਧਰਮ ਹਿੱਤ ਪ੍ਰਾਣ ਅਰਪਣ ਕਰ ਦਿੱਤੇ ਹਨ। ਸ਼ਹਾਦਤ ਅਣਚਾਹੀ ਮੌਤ ਮਰਨ ਦਾ ਨਾਮ ਨਹੀਂ ਹੈ ਸ਼ਹੀਦ ਉਹ ਮਨੁੱਖ ਹੈ ਜੋ ਖੁਸ਼ੀ ਨਾਲ ਆਪਣੇ ਧਰਮ ਜਾਂ ਕਿਸੇ ਧਰਮ ਜਾਂ ਕੌਮ, ਦੇਸ਼ ਦੀ ਖਾਤਰ ਜ਼ੁਲਮ ਦੇ ਖਿਲਾਫ਼ ਖਿੜੇ ਮੱਥੇ ਬਲਿਦਾਨ ਦੇਣਾ ਹੈ। 'ਸ਼ਹੀਦ' ਸ਼ਬਦ ਵਰਤਿਆ ਭਾਵੇਂ ਸਾਨੂੰ ਈਸਾਈ, ਯਹੂਦੀ, ਮੁਸਲਿਮ ਸਾਰੇ ਧਰਮਾਂ ਦੀਆਂ ਪੁਸਤਕਾਂ ਵਿੱਚ ਮਿਲਦਾ ਹੈ। ਪਰ ਇਸ ਦਾ ਅਸਲੀ ਰੂਪ ਸਭ ਤੋਂ ਪਹਿਲੀ ਵਾਰ ਸਿੱਖ ਧਰਮ ਵਿੱਚ ਵੇਖਿਆ ਗਿਆ। ਸਿੱਖ ਧਰਮ ਦਾ ਇਤਿਹਾਸ ਸ਼ਹੀਦਾਂ ਨਾਲ ਭਰਿਆ ਪਿਆ ਹੈ। ਇਸੇ ਕਰਕੇ ਹੀ ਸਿੱਖ ਧਰਮ ਨੂੰ 'ਸ਼ਹੀਦਾਂ ਦੀ ਕੌਮ' ਵੀ ਕਹਿ ਕੇ ਸਹਲਾਇਆ ਜਾਂਦਾ ਹੈ। ਸਿੱਖ ਧਰਮ ਦੇ ਸ਼੍ਰੋਮਣੀ ਸ਼ਹੀਦ ਗੁਰੂ ਅਰਜਨ ਦੇਵ ਜੀ ਹਨ ਉਹਨਾਂ ਤੋਂ ਬਾਅਦ ਸ਼ਹਾਦਤਾਂ ਦੀ ਲੜੀ ਹੀ ਸ਼ੁਰੂ ਹੋ ਜਾਂਦੀ ਹੈ। ਸਿੱਖ ਧਰਮ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਜੋ ਕਿ ਲੋਕਾਂ ਦੇ ਹੱਕ ਵਿੱਚ ਅਤੇ ਜ਼ੁਲਮ ਦੇ ਵਿਰੁੱਧ ਸੀ। ਸਿੱਖ ਅਰਦਾਸ ਵਿੱਚ ਸ਼ਹੀਦਾਂ ਦੀਆਂ ਸ਼ਹਾਦਤਾਂ ਨੂੰ ਯਾਦ ਕਰਵਾ ਕੇ ਸ਼ਹਾਦਤ ਦੇਣ ਦੀ ਸਮਰੱਥਾ ਅੱਜ ਵੀ ਸਿੱਖ ਧਰਮ ਨੇ ਬੁਲੰਦ ਰੱਖੀ ਹੈ। ਸ਼ਹਾਦਤਾਂ ਦਾ ਇਹ ਸਿਲਸਿਲਾ ਸਿੱਖ ਧਰਮ ਦਾ ਨਿਖੜ ਅੰਗ ਬਣ ਗਿਆ। ਸ਼ਹੀਦ ਦਾ ਡੁੱਲਿਆ ਖੂਨ ਕਦੀ ਵਿਅਰਥ ਨਹੀਂ ਜਾਂਦਾ ਸਗੋਂ ਕੌਮ ਦਾ ਚਾਨਣ ਮੁਨਾਰੇ ਦੀ ਤਰ੍ਹਾਂ ਔਖੀਆਂ ਘੜੀਆਂ ਸਮੇਂ ਸਾਹਸ ਬਖਸ਼ਦਾ ਹੈ ਇਸੇ ਕਰਕੇ ਕਵੀ ਨੇ ਲਿਖਿਆ ਹੈ :-

ਜਦ ਡੁਲੇ ਖੁਨ ਸ਼ਹੀਦਾਂ ਦਾ।
ਤਕਦੀਰ ਬਦਲਦੀ ਕੌਮਾਂ ਦੀ।

'ਸ਼ਹਾਦਤਾਂ' ਦੀ ਬਦੌਲਤ ਅੱਜ ਵੀ ਸਿੱਖ ਕੌਮ ਅਜ਼ਾਦ ਵਿਚਰ ਰਹੀ ਹੈ ਤੇ ਆਪਣੇ ਗੁਰੂ ਉਪਦੇਸ਼ ਦੇ ਚੱਲਦੇ ਹੋਏ ਹਰ ਕੁਦਰਤੀ ਕਰੋਪੀ, ਸਰਕਾਰਾਂ ਦੀਆਂ ਵਧੀਕੀਆਂ ਸਮੇਂ ਲੋਕਾਂ ਦੀ ਮਦਦ ਲਈ ਨਿਤਰ ਕੇ ਸਭ ਤੋਂ ਅੱਗੇ ਕਤਾਰ ਵਿੱਚ ਖੜ੍ਹੀ ਨਜ਼ਰ ਆਉਂਦੀ ਹੈ।ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨਾਲ ਦਿੱਲੀ ਹਿਲਦੀ ਨਜ਼ਰ ਆਈ। ਅੰਤ ਸੰਨ 1675, 11 ਨਵੰਬਰ ਨੂੰ (ਮੱਘਰ ਸੁਦੀ ਪੰਚਮੀ ਸੰਮਤ 1732) ਨੂੰ ਚਾਂਦਨੀ ਚੌਂਕ ਦੇ ਚਬੂਤਰੇ ਉੱਪਰ ਸ਼ਹੀਦ ਕਰ ਦਿੱਤਾ ਗਿਆ। ਆਪ ਜੀ ਨੇ 'ਸਿਰ ਦੀਆਂ ਪਰ ਸਿਰੜ ਨ ਦੀਆਂ' ਨੂੰ ਸੱਚ ਕਰ ਵਿਖਾਇਆ। ਆਪ ਜੀ ਦੇ ਸੀਸ ਦਾ ਸੰਸਕਾਰ ਆਨੰਦਪੁਰ ਵਿਖੇ ਤੇ ਧੜ ਦਾ ਸੰਸਕਾਰ ਰਕਾਬ ਗੰਜ ਦਿੱਲੀ ਵਿਖੇ ਕੀਤਾ ਗਿਆ। ਹੁਣ ਔਰੰਗਜ਼ੇਬ ਸੋਚ ਰਿਹਾ ਸੀ ਕਿ ਗੁਰੂ ਤੇਗ ਬਹਾਦਰ ਜੀ ਦੀ ਹੱਤਿਆ ਕਰਵਾ ਕੇ ਉਸਦੇ ਰਾਹ ਦਾ ਰੋੜਾ ਸਦਾ ਲਈ ਪਾਸੇ ਹੋ ਗਿਆ। ਪਰ ਸ਼ਹਾਦਤ ਦੇ ਨਾਲ ਭਾਰਤਵਾਸੀਆਂ ਵਿੱਚ ਰੋਸ਼ ਦੀ ਲਹਿਰ ਦੋੜ ਗਈ ਸੀ ਉਨ੍ਹਾਂ ਹਿਰਦਾ ਵਰੁੰਦਿਆ ਗਿਆ ਸੀ। ਸ਼ਹਾਦਤ ਨੇ ਲੋਕਾਂ ਅੰਦਰ ਨਵਾਂ ਜੋਸ਼ ਭਰ ਦਿੱਤਾ। ਸਿੱਖ ਲਹਿਰ ਨੂੰ ਸ਼ਕਤੀਸ਼ਾਲੀ ਤੇ ਜਥੇਬੰਦ ਕਰ ਦਿੱਤਾ। ਇਸ ਸ਼ਹਾਦਤ ਨੇ ਖਾਲਸਾ ਪੰਥ ਦੀ ਸਿਰਜਨਾ ਲਈ ਭੂਮੀ ਤਿਆਰ ਕੀਤੀ। ਖਾਲਸਾ ਪੰਥ

ਸਿਰਜਨਾ ਹੁਣ ਸਮੇਂ ਦੀ ਲੋੜ ਮਹਿਸੂਸ ਹੋਈ । ਇਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਦੀ ਇਸ ਲਾਸਾਨੀ ਸ਼ਹਾਦਤ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਰੱਖਿਆ ਜਾਵੇਗਾ ਕਿਉਂਕਿ ਇਸ ਸ਼ਹਾਦਤ ਸਦਕਾ ਧਾਰਮਿਕ ਵਿਸ਼ਵਾਸ ਤੇ ਚਿੰਨ੍ਹ ਆਪਣੀ ਮਰਜ਼ੀ ਨਾਲ ਧਾਰਨ ਕਰਨ ਦੀ ਅਜ਼ਾਦੀ ਮਿਲੀ । ਇਹ ਸ਼ਹਾਦਤ ਅਸਲ ਵਿੱਚ ਇੱਕ ਮਹਾਨ ਆਦਰਸ਼ ਪ੍ਰਾਪਤੀ ਲਈ ਸੀ ਇਸ ਆਦਰਸ਼ ਦਾ ਵਰਣਨ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਵਿੱਚ ਸਪਸ਼ਟ ਕੀਤਾ ਹੈ :

ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥ ਕੀਨੋ ਬਡੋ ਕਲੂ ਮਹਿ ਸਾਕਾ॥
ਖਸਮ ਹੇਤ ਸਾਕਾ ਜਿਸ ਕੀਆ ॥ ਸੀਸ ਦੀਆ ਪਰ ਸਿਰਰ ਨ ਦੀਆ ॥
(ਬਚਿੱਤ੍ਰ ਨਾਟਕ)

ਇਹ ਲਾਸਾਨੀ ਸ਼ਹਾਦਤ ਹੈ ਕਿਉਂਕਿ ਗੁਰੂ ਤੇਗ ਬਹਾਦਰ ਜੀ ਨੇ ਜਨੇਊ ਦੇ ਹੱਕ ਵਿੱਚ ਨਾ ਹੋਣ ਦੇ ਬਾਵਜੂਦ ਤਿਲਕ, ਜਨੇਊ, ਧੋਤੀ ਧਾਰੀਆਂ ਨੂੰ ਮਜ਼ਲੂਮ ਪਛਾਣ ਕੇ ਉਨ੍ਹਾਂ ਦੀ ਬਾਹ ਫੜੀ ਸੀ ਤੇ ਇਹ ਸ਼ਹਾਦਤ ਨਿਰੋਲ ਸਦੀਵੀ, ਸਰਬਕਲੀ ਤੇ ਸਰਬ ਦੇਸੀ ਧਾਰਮਿਕ ਅਸੂਲਾਂ ਦੀ ਰੱਖਿਆ ਤੇ ਬਹਾਲੀ ਲਈ ਦਿੱਤੀ ਗਈ ਸੀ । ਇਸ ਦੀ ਲਸਾਨੀਅਤ ਉਸ ਸਮੇਂ ਸਿਰ ਤੇ ਪੁੱਜ ਜਾਂਦੀ ਹੈ ਜਦੋਂ ਗੁਰੂ ਅਤੇ ਗੁਰੂ ਸਿੱਖਾਂ ਨੇ ਮਨੁੱਖੀ ਰੂਹ ਨੂੰ ਕੰਬਾਉਣ ਵਾਲੇ ਤਸੀਹੇ ਝੱਲਦੇ ਹੋਏ ਸ਼ਹਾਦਤ ਪ੍ਰਾਪਤ ਕੀਤੀ ਪਰ ਆਪਣੇ ਰਸੂਲਾਂ ਨਾਲ ਸਮਝੌਤਾ ਮਨਜ਼ੂਰ ਨਾ ਕੀਤਾ ਤੇ ਆਪਣੀ ਧਰਮ ਵਿੱਚ ਅਡੋਲਤਾ, ਦ੍ਰਿੜਤਾ ਦਾ ਸੁਨਹਿਰੀ ਸੰਦੇਸ਼ ਦਿੱਤਾ । ਬਹਾਦਰ, ਸੂਰਬੀਰ, ਨਾਮਲੇਵਾ ਗੁਰਸਿੱਖਾਂ ਨੇ ਮੁਗਲ ਹਾਲਮਾਂ ਨੂੰ ਜ਼ਲਾਲਤ ਦੇ ਆਲਮ ਵਿੱਚ ਡੁੱਬਣ ਲਈ ਮਜ਼ਬੂਰ ਕਰ ਦਿੱਤਾ । ਇਹਨਾਂ ਸ਼ਹਾਦਤਾਂ ਨੇ ਸਿੱਖਾਂ ਇਨਕਲਾਬ ਨੂੰ ਜਨਮ ਦਿੱਤਾ ।

ਗੁਰੂ ਗ੍ਰੰਥ ਸਾਹਿਬ ਵਿੱਚ ਜਿਨ੍ਹਾਂ ਬਾਣੀਕਾਰਾਂ ਦੀ ਬਾਣੀ ਸੰਕਲਿਤ ਹੈ ਉਸ ਵਿੱਚ ਹਿੰਦ ਦੀ ਚਾਦਰ, ਧਰਮ ਦੀ ਚਾਦਰ, ਸ਼੍ਰੋਮਣੀ ਸ਼ਹੀਦ, ਮਾਨਵਤਾ ਦੇ ਰੱਖਿਅਕ, ਸਿੱਖ ਧਰਮ ਦੇ ਨੌਂਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੀ ਸ਼ਾਮਿਲ ਹੈ । 'ਆਦਿ ਗ੍ਰੰਥ' ਵਿੱਚ ਗੁਰੂ ਤੇਗ ਬਹਾਦਰ ਜੀ ਦੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਕਰਨ ਦਾ ਉੱਦਮ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ: ਵਿੱਚ ਕੀਤਾ । ਇਸੇ ਪੁਨਰ ਸੰਪਾਦਿਤ ਗ੍ਰੰਥ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ-ਜੋਤ ਸਮਾਉਣ ਤੋਂ ਪਹਿਲਾਂ 1708 ਈ: ਵਿੱਚ ਨਾਦੇੜ ਵਿਖੇ 'ਗੁਰੂ' ਪਦ ਪ੍ਰਦਾਨ ਕੀਤਾ । ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ 'ਮਹਲਾ 9' ਦੇ ਸਿਰਲੇਖ ਅਧੀਨ ਦਰਜ ਹੈ । ਉਨ੍ਹਾਂ ਦੇ 59 ਸ਼ਬਦਾਂ 15 ਰਾਗਾਂ ਵਿੱਚ ਦਰਜ ਹੈ । ਇਨ੍ਹਾਂ ਸ਼ਬਦਾਂ ਤੋਂ ਇਲਾਵਾ 57 ਸਲੋਕ 'ਸਲੋਕ ਵਾਰਾਂ ਤੋਂ ਵਧੀਕ' ਤੋਂ ਬਾਅਦ ਦਰਜ ਹਨ । ਆਪ ਜੀ ਤੋਂ ਬਿਨਾਂ ਕਿਸੇ ਹੋਰ ਗੁਰੂ ਸਾਹਿਬਾਨ ਨੇ ਜੈਜਾਵੰਤੀ ਰਾਗ ਵਿੱਚ ਰਚਨਾ ਨਹੀਂ ਕੀਤੀ । ਜੈਜਾਵੰਤੀ ਰਾਗ ਵਿੱਚ ਆਪ ਜੀ ਦੇ 4 ਪਦੇ ਹਨ । ਗੁਰੂ ਤੇਗ

ਬਹਾਦਰ ਜੀ ਨੇ ਆਪਣੇ ਸੰਦੇਸ਼ ਲੋਕਾਂ ਤੱਕ ਪਹੁਚਾਉਣ ਲਈ ਬਾਣੀ ਨੂੰ ਆਧਾਰ ਬਣਾਇਆ। ਉਨ੍ਹਾਂ ਨੇ ਸੰਸਾਰਿਕ ਪਦਾਰਥਾਂ ਦੀ ਅਸਥਿਰਤਾ ਸਮਝ ਕੇ ਅਧਿਆਤਮਕ ਜੀਵਨ ਜਿਉਣ ਲਈ ਪ੍ਰੇਰਿਆ। ਕਿਉਂਕਿ ਅਕਸਰ ਜੀਵ ਅਗਿਆਨਤਾ ਦੇ ਕਾਰਣ ਮਨੁੱਖ ਜੀਵਨ ਮਨੋਰਥ ਤੋਂ ਭਟਕ ਕੇ ਸੋਨੇ, ਇਸਤਰੀ, ਪ੍ਰਭੂਤਾਂ ਦੀ ਲਾਲਸਾ ਵਿੱਚ ਭਟਕਿਆ ਰਹਿੰਦਾ ਹੈ :

**"ਜਗ ਝੂਠੇ ਕਉ ਸਾਚੁ ਜਾਨਿ ਕੈ ਤਾ ਸਿਉ ਰੁਚ ਉਪਜਾਈ ॥" – ਅੰਗ ੭੧੯**

ਮਾਇਅਕ ਪਦਾਰਥਾਂ ਦੀ ਪ੍ਰਾਪਤੀ ਦੀ ਹੋੜ ਵਿੱਚ ਮਨੁੱਖ ਹਰ ਤਰ੍ਹਾਂ ਦੇ ਬੁਰੇ ਕਰਮ ਕਰਦਾ, ਧੋਖਾ, ਝੂਠ, ਫਰੇਬ ਦਾ ਇਸਤਮਾਲ ਕਰਦਾ ਹੈ। ਇਨ੍ਹਾਂ ਕਰਮਾਂ ਨੇ ਜੋਗੀ, ਜੰਗਾਂ ਤੇ ਤਿਆਗੀਆ ਆਦਿ ਨੂੰ ਵੀ ਆਪਣੀ ਲਪੇਟ ਵਿੱਚ ਲੈ ਲਿਆ ਹੈ :-

**ਪਾਪੀ ਹੀਐ ਮੈ ਕਾਮੁ ਬਸਾਇ ॥**
**ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ॥੧॥ ਰਹਾਉ ॥**
**ਜੋਗੀ ਜੰਗਮ ਅਰੁ ਸੰਨਿਆਸ ॥**
**ਸਭ ਹੀ ਪਰਿ ਡਾਰੀ ਇਹ ਫਾਸ ॥੧॥ ਬਸੰਤੁ (ਮਃ ੯) ਅੰਗ ੧੧੮੬**

ਗੁਰੂ ਦੀ ਸ਼ਰਨ ਵਿੱਚ ਆ ਕੇ ਹੀ ਇਨ੍ਹਾਂ ਤੋਂ ਬੱਚਿਆ ਜਾ ਸਕਦਾ ਹੈ। ਗੁਰੂ ਹੀ ਸਾਡੀ ਅਧਿਆਤਮਿਕ ਪਦ ਦੀ ਪ੍ਰਾਪਤੀ ਦਾ ਰਹਿਨੁਮਾ ਹੈ ਤੇ ਉਨ੍ਹਾਂ ਦੀ ਸਿੱਖਿਆ ਨਦਰਿ, ਮੇਹਰ, ਪਾਪਾਂ ਦੇ ਨਾਸ਼ ਦਾ ਸਾਧਨ ਸਿੱਧ ਹੁੰਦੀ ਹੈ :-

**ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ ॥**
**ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ ॥੩॥੭॥**
**ਸੋਰਠਿ (ਮਃ ੯) – ਅੰਗ ੬੩੩**

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਵੈਰਾਗ ਸੁਰ ਪ੍ਰਧਾਨ ਹੈ। ਸੰਸਾਰ ਤਿਆਗਣ, ਜੰਗਲਾਂ ਵਿੱਚ ਜਾ ਕੇ ਭਗਤੀ ਕਰਨ ਦਾ ਖੰਡਨ ਕਰਦੇ ਹਨ:-

**ਕਾਹੇ ਰੇ ਬਨ ਖੋਜਨ ਜਾਈ ॥**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ ਰਹਾਉ**
**– ਧਨਾਸਰੀ (ਮਃ ੯) – ਅੰਗ ੬੮੪**

ਭਗਤੀ ਕਰਨ ਦੀ ਬਜਾਇ ਵਿਕਾਰਾਂ ਨੂੰ ਤਿਆਗਣ ਦੀ ਸਿੱਖਿਆ ਦਿੱਤੀ ਗਈ ਕਿਉਂਕਿ ਸੰਸਾਰ ਪਦਾਰਥਾਂ ਦੀ ਪ੍ਰਾਪਤੀ ਦਾ ਮੋਹ, ਹਉਮੈ, ਕਾਮ, ਕ੍ਰੋਧ, ਤ੍ਰਿਸ਼ਨਾ ਆਦਿ ਤੋਂ ਬਾਅਦ ਹੀ ਵੈਰਾਗ ਦੀ ਅਵਸਥਾ ਪੈਦਾ ਹੁੰਦੀ ਹੈ ਤੇ ਵੈਰਾਗ ਹੀ ਆਤਮਿਕ ਉਨਤੀ ਵੱਲ ਲੈ ਜਾਂਦਾ ਹੈ ਤੇ ਆਤਮਿਕ ਟਿਕਾਉ ਹਾਸਲ ਹੁੰਦਾ ਹੈ :-

**ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ ॥**
**ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ ॥**
**ਸਿਰੀਰਾਗੁ (ਮਃ ੩) – ਅੰਗ ੨੯**

ਜਿਸ ਦੀ ਇੱਥੇ-ਉੱਥੇ ਸਹਾਈ ਹੋਣ ਵਾਲੀ ਪਰਮ ਸ਼ਕਤੀ ਨਾਲ ਜੁੜਨ ਦਾ ਉਪਦੇਸ਼ ਦਿੰਦੇ ਹੋਏ ਜਗਤ ਵਿੱਚ ਆਪਣੇ ਅਸਲ ਮਨੋਰਥ ਨੂੰ ਪ੍ਰਾਪਤ ਕਰਨ ਲਈ ਪ੍ਰੇਰਦੇ ਹਨ ਕਿਉਂ ਸੰਸਾਰ ਨਾਸ਼ਵਾਨ ਹੈ :-

**ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥**
**ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩॥**
**ਸਲੋਕ ਵਾਰਾਂ ਤੇ ਵਧੀਕ (ਮ: ੯) - ਅੰਗ ੧੪੨੭**

ਸੰਸਾਰਕ ਭੋਗਾਂ ਤੋਂ ਉਪਰਾਤਮਾ ਤੇ ਅਧਿਆਤਮਿਕ ਲਕਸ਼ ਦੀ ਚੇਤਨਤਾ ਹੀ ਭਗਤੀ ਮਾਰਗ ਵੱਲ ਤੋਰਦੀ ਹੈ । ਇੱਥੇ ਗੁਰੂ ਸਾਹਿਬ ਸਾਨੂੰ ਸੰਸਾਰ ਪਦਾਰਥਾਂ ਤੇ ਵਿਸ਼ੇ-ਵਿਕਾਰਾਂ ਤੋਂ ਉਪਰਾਤਮਾ ਦਾ ਸੰਦੇਸ਼ ਦਿੰਦੇ ਹਨ ਪਰ ਸੰਸਾਰ ਤਿਆਗਣ ਦਾ ਨਹੀਂ ਕਿਉਂਕਿ 'ਨਾਮ' ਹੀ ਭਗਤੀ ਦਾ ਸਾਧਨ ਹੈ ਤੇ ਨਾਮ ਹੀ ਕਿਰਪਾ ਪ੍ਰਾਪਤੀ ਦਾ ਸਾਧਨ ਹੈ:-

**ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥**
**ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ ॥੨॥**
**ਸੋਰਠਿ (ਮ: ੯)- ਅੰਗ ੬੩੨**

ਨਾਮ ਬੰਦਗੀ ਨਾਲ ਹੀ ਜਨਮ ਜਮਾਨਤਰਾਂ ਤੋਂ 84 ਲੱਖ ਜੂਨਾਂ ਵਿੱਚ ਭੱਟਕਦੇ ਮਨੁੱਖਾਂ ਦੀ ਅਧਿਆਤਮਿਕ ਉਨਤੀ ਦੀ ਪ੍ਰਾਪਤੀ ਹੋ ਸਕਦੀ ਹੈ ਭਾਵ ਕਿ ਭਰਮ ਭੁਲੇਖੇ ਖਤਮ ਹੋ ਸਕਦੇ ਹਨ ਅਤੇ ਸਚਿਆਰ ਪਦ ਦੀ ਪ੍ਰਾਪਤੀ ਹੋ ਸਕਦੀ ਹੈ :-

**ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥**
**ਬਸੰਤੁ (ਮ: ੯) - ਅੰਗ ੧੧੮੬**

ਜੀਵਨ ਮਨੋਰਥ ਪ੍ਰਾਪਤੀ ਦੇ ਰਾਹ ਤੇ ਤੁਰਨ ਉਪਰੰਤ ਜੀਵ ਪ੍ਰਭੂ ਦੇ ਭਰੋਸੇ ਸਦਕਾ ਨਿਰਭਉ ਤੇ ਨਿਰਵੈਰ ਹੋ ਜਾਂਦਾ ਹੈ ਅਤੇ ਉਸਨੂੰ ਸਾਰੀ ਖਲਕਤ ਵਿੱਚ ਖਾਲਕ ਦੇ ਦਰਸ਼ਨਾਂ ਦਾ ਝਲਕਾਰਾ ਦਿਖਾਈ ਦਿੰਦਾ ਹੈ । ਮਿਲਾਪ ਲਈ ਬਹਿਬਲ ਹੋਇਆ ਪੁਕਾਰ ਉੱਠਦਾ ਹੈ:-

**ਜਨਮ ਜਨਮ ਭਰਮਤ ਫਿਰਿਓ ਮਿਟਿਓ ਨ ਜਮ ਕੋ ਤ੍ਰਾਸੁ ॥**
**ਹੁ ਨਾਨਕ ਹਰਿ ਭਜੁ ਮਨਾ ਨਿਰਭੈ ਪਾਵਹਿ ਬਾਸੁ ॥੩੩॥**
**- ਸਲੋਕ ਵਾਰਾਂ ਤੇ ਵਧੀਕ (ਮ: ੯) - ਅੰਗ ੧੪੨੯**

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ 'ਨਿਰਭੈ ਪਦ' ਦੀ ਵਿਲੱਖਣਤਾ ਹੈ ਉਨ੍ਹਾਂ ਦੀ ਬਾਣੀ ਵਿੱਚ ਨਿਰਵਾਣ, ਪ੍ਰਾਪਤੀ ਜਾਂ ਅਧਿਆਤਮਿਕ ਉਦੇਸ਼ ਉਹ ਅਵਸਥਾ ਹੈ ਜਿੱਥੇ ਜੀਵ ਮਾਇਆ ਦੇ ਬੰਧਨਾਂ ਤੋਂ ਨਿਰਲੇਪ ਹੋ ਕੇ ਅਧਿਆਤਮਕ ਮੰਡਲਾਂ ਦਾ ਆਨੰਦ ਮਾਣਦਾ ਹੈ । ਇਸ ਸਮੇਂ ਉਹ "**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ਸਲੋਕ ਵਾਰਾਂ ਤੇ ਵਧੀਕ (ਮ: ੯) - ਅੰਗ ੧੪੨੭** ਦੀ ਅਵਸਥਾ ਪ੍ਰਾਪਤ ਕਰ ਲੈਂਦਾ ਹੈ । ਗੁਰਬਾਣੀ ਵਿੱਚ ਅਧਿਆਤਮਿਕ ਮਾਰਗ ਤੇ ਚੱਲ ਕੇ ਆਪਣੇ ਉਦੇਸ਼ ਦੀ ਪ੍ਰਾਪਤੀ ਕਰ ਚੁੱਕੇ ਜੀਵ ਦਾ

ਵਰਣਨ ਇੰਝ ਕੀਤਾ ਗਿਆ ਹੈ :-

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ ਰਹਾਉ ॥**
**ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥**
**ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥**
**ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥**
**ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥**
**ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥**
**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥**

**- ਸੋਰਠਿ (ਮਃ ੯) - ਅੰਗ ੬੩੩**

## ਗੁਰਬਾਣੀ ਦੇ ਚਾਨਣ ਵਿੱਚ 'ਮਾਨਵਤਾ'

**ਕੁਲਦੀਪ ਸਿੰਘ ਹਉਰਾ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਸਮੁੱਚੀ ਬਾਣੀ ਮਾਨਵਤਾ ਦਾ ਅਸਲੀ ਚਿੱਤਰ ਤੇ ਸਾਂਝੀਵਾਲਤਾ ਦੀ ਉੱਤਮ ਉਦਾਹਰਣ ਪੇਸ਼ ਕਰਦੀ ਹੈ। ਗੁਰਬਾਣੀ ਵਿੱਚ ਆਪਸੀ ਪ੍ਰੇਮ-ਪਿਆਰ ਉੱਤੇ ਜ਼ੋਰ ਦਿੱਤਾ ਗਿਆ ਹੈ, ਕਿਉਂਕਿ ਪ੍ਰੇਮ ਦੀ ਲੜੀ ਵਿੱਚ ਪਰੁਚੀ ਮਾਨਵਤਾ ਹੀ ਮਾਨਵ-ਏਕਤਾ ਪੈਦਾ ਕਰ ਸਕਦੀ ਹੈ। ਅਜਿਹੀ ਭਾਵਨਾ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਮਾਤਮਾ ਦੀ ਪ੍ਰਾਪਤੀ ਦਾ ਸਾਧਨ ਦਸਦਿਆਂ ਫੁਰਮਾਇਆ ਹੈ -

**ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ॥੯॥੨੯॥**

ਇਸ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਕਿਸੇ ਨਾਲ ਵੀ ਵੈਰ ਨਹੀਂ ਸੀ, ਸਗੋਂ ਉਹ ਮਾਨਵ-ਏਕਤਾ ਦੇ ਮੁਦੱਈ ਸਨ ਤੇ ਉਨ੍ਹਾਂ ਦੀ ਸਿੱਖਿਆ ਵਿੱਚੋਂ ਨਿਖਰੀ ਜੀਵਨ-ਜਾਂਚ ਇਸ ਖੂਬੀ ਦਾ ਪ੍ਰਗਟਾਵਾ ਕਰਦੀ ਹੈ।

ਗੁਰੂ ਨਾਨਕ ਸਾਹਿਬ ਨੇ ਮਾਨਵਤਾ ਦੀ ਪਰਖ-ਕਸਵੱਟੀ ਪੇਸ਼ ਕਰਦਿਆਂ ਕਿਹਾ ਹੈ ਕਿ ਨਿਮਰਤਾ ਜਿੰਨੀ ਸੁਖਾਵੀਂ ਤੇ ਖਾਲਸ ਹੋਰ ਕੋਈ ਵਸਤੂ ਨਹੀਂ ਤੇ ਹਉਮੈ ਵਰਗੀ ਦੁਖਦਾਈ ਤੇ ਝੂਠੀ ਚੀਜ਼ ਕੋਈ ਨਹੀਂ। "ਧਾਰਮਕ-ਨਿਮਰਤਾ" ਦਾ ਭਾਵ ਇਹ ਹੈ ਕਿ ਹਰ ਇੱਕ ਨੂੰ ਆਪਣਾ-ਆਪਣਾ ਧਰਮ ਮੁਬਾਰਕ ਤੇ ਸਾਰੇ ਧਰਮ ਸਤਿਕਾਰਨ ਯੋਗ ਹਨ ਪਰ "ਧਾਰਮਕ ਹਉਮੈ" ਦਾ ਭਾਵ ਹੈ ਕਿ ਮੇਰਾ ਧਰਮ ਹੀ ਕਲਿਆਣਕਾਰੀ ਹੈ ਤੇ ਬਾਕੀ ਸਭ ਧਰਮ ਇਸ ਪਰਖ ਤੇ ਪੂਰੇ ਨਾ ਉਤਰਨ ਵਾਲੇ ਹਨ। ਇਸ ਢਾਹੂ ਰੁਚੀ ਤੋਂ ਬਚਣ ਲਈ "ਧਾਰਮਕ ਸਹਿਵਾਸ" ਦੀ ਜਾਂਚ ਸਿੱਖਣੀ ਚਾਹੀਦੀ ਹੈ ਤੇ ਗੁਰਬਾਣੀ ਨੇ ਇਹ ਜਾਂਚ ਸਿਖਾਈ ਹੈ। ਗੁਰਬਾਣੀ ਰਾਹੀਂ ਸੰਜੋਗਾਤਮਕ ਧਰਮ ਦਾ ਵਿਚਾਰ ਸੰਸਾਰ ਨੂੰ ਦਿੱਤਾ ਗਿਆ

ਹੈ । ਸਾਰੇ ਗੁਰੂ ਗ੍ਰੰਥ ਸਾਹਿਬ ਵਿੱਚ ਇੱਕ ਤੁੱਕ ਵੀ ਭੇਖ ਧਾਰਨ ਕਰਨ ਤੇ ਕਿਸੇ ਖਾਸ ਕਿਸਮ ਦੀ ਸ਼ਰ੍ਹਾ ਅਪਨਾਉਣ ਲਈ ਕਹੀ ਹੋਈ ਨਹੀਂ ਮਿਲਦੀ । ਕੋਈ ਇੱਕ ਤੁੱਕ ਵੀ ਕਿਸੇ ਧਰਮ ਦੇ ਅਨੁਆਈ ਦਾ ਦਿਲ ਦੁਖਾਉਣ ਵਾਲੀ ਨਹੀਂ । ਭਾਵੇਂ ਭੇਖ ਦਾ ਖੰਡਨ ਹੈ ਪਰ ਕਿਸੇ ਧਰਮ ਦੀ ਸ਼ਰ੍ਹਾ ਸ਼ਰੀਅਤ ਉੱਤੇ ਹਮਲਾ ਨਹੀਂ । ਗੁਰਬਾਣੀ ਨੂੰ ਮਨੰਣ ਵਾਲੇ ਜਿੱਥੇ ਸਿੱਖ ਗੁਰੂਆਂ ਦਾ ਸਤਿਕਾਰ ਕਰਦੇ ਹਨ, ਉੱਥੇ ਮੁਸਲਮਾਨ ਫਰੀਦ, ਬ੍ਰਾਹਮਣ ਰਾਮਾਨੰਦ ਤੇ ਜੈਦੇਵ ਅਤੇ ਕਥਿਤ ਅਛੂਤ ਜਾਤੀ ਦੇ ਭਗਤਾਂ ਕਬੀਰ, ਰਵਿਦਾਸ ਤੇ ਨਾਮਦੇਵ ਦਾ ਸਤਿਕਾਰ ਵੀ ਉਸੇ ਤਰ੍ਹਾਂ ਕਰਦੇ ਹਨ । ਗੁਰੂ ਗ੍ਰੰਥ ਸਾਹਿਬ ਵਿੱਚੋਂ ਵਾਕ ਲੈਣ ਲਗਿਆਂ ਜੋ ਵੀ ਸ਼ਬਦ ਨਿਕਲੇ, ਉਸੇ ਨੂੰ ਹੁਕਮਨਾਮਾ ਮੰਨਿਆ ਜਾਂਦਾ ਹੈ । ਇਹ ਮਾਨਵਤਾ ਦੇ ਸਤਿਕਾਰ ਦੀ ਇੱਕ ਅਤਿ ਸਲਾਹੁਣ ਯੋਗ ਉਦਾਹਰਣ ਹੈ । ਗੁਰੂ ਗ੍ਰੰਥ ਵਿੱਚ ਦਰਜ ਹੇਠ ਲਿਖੀਆਂ ਤੁਕਾਂ ਸਰਬ ਸਾਂਝੀ ਮਾਨਵਤਾ ਦੀ ਮੂੰਹ-ਬੋਲਦੀ ਤਸਵੀਰ ਪੇਸ਼ ਕਰਦੀਆਂ ਹਨ:-

**ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ ॥**
**ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ ॥੧॥**

**ਆਸਾ (ਭ. ਫਰੀਦ- ਅੰਗ ੪੮੮**

**ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥**
**ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥੪॥੧॥ ਆਸਾ (ਭ. ਫਰੀਦ) ਅੰਗ ੪੮੮**

**ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ ॥**
**ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ ॥੪॥੨॥**

**- ਆਸਾ (ਭ. ਨਾਮਦੇਵ) - ਅੰਗ ੪੮੫**

ਗੁਰਬਾਣੀ ਦਾ ਉਪਦੇਸ਼ ਹੈ ਕਿ ਪ੍ਰਮਾਤਮਾ ਦੀ ਹੋਂਦ ਦਾ ਵਿਸ਼ਵਾਸ ਜ਼ਰੂਰੀ ਹੈ ਨਾ ਕਿ ਉਸ ਦੇ ਸਰੂਪ ਬਾਰੇ ਸਰਬ ਸਮਤੀ ਦੀ ਲੋੜ ਹੈ । ਪ੍ਰਮਾਤਮਾ ਦੇ ਸਰੂਪ ਦੇ ਝਗੜੇ ਵਿੱਚ ਪਏ ਬਗੈਰ ਪ੍ਰਮਾਤਮਾ ਦੀ ਹੋਂਦ ਬਾਰੇ ਵਿਸ਼ਵਾਸ ਕਰਾਉਣਾ ਇੱਕ ਅਤਿ ਉੱਤਮ ਮਾਨਵਵਾਦੀ ਵਿਚਾਰ ਹੈ ।

ਮਨੁੱਖ ਨੂੰ ਮਨੁੱਖ ਦੇ ਤੌਰ ਤੇ ਪਛਾਨਣ ਤੇ ਸਤਿਕਾਰਨ ਦਾ ਨਾਂ ਹੀ ਮਾਨਵਤਾ ਹੈ । ਇਹ ਰੁਚੀ ਮਨ ਦੀ ਨਿਮਰਤਾ ਤੇ ਬੁੱਧੀ ਦੀ ਉੱਤਮਤਾ ਤੋਂ ਪੈਦਾ ਹੁੰਦੀ ਹੈ । ਮਾਨਵਤਾ ਮਨੁੱਖ ਮਾਤਰ ਦੇ ਕਲਿਆਣ ਤੇ ਹਿੱਤ ਦੀ ਭਾਵਨਾ ਤੋਂ ਉੱਤਪੰਨ ਹੁੰਦੀ ਹੈ । ਇਹ ਪਰਵਾਨਤ ਤੱਥ ਹੈ ਕਿ ਜਦੋਂ ਧਰਮ ਦਾ ਮਾਨਵਤਾ ਨਾਲੋਂ ਨਾਤਾ ਟੁੱਟ ਜਾਂਦਾ ਹੈ ਤਾਂ ਧਰਮ ਦੀ ਹਾਨੀ ਹੋਣੀ ਸ਼ੁਰੂ ਹੋ ਜਾਂਦੀ ਹੈ । ਗੁਰਬਾਣੀ ਨੇ ਹਮੇਸ਼ਾਂ ਹੀ ਮਾਨਵੀ-ਪੀੜਾ ਪ੍ਰਤੀ ਦੈਵੀ ਹੁੰਗਾਰਾ ਭਰਿਆ ਹੈ । ਧਰਮ ਦੀ ਵ੍ਰਿਧੀ ਨਾਲ ਅਗਿਆਨਤਾ ਦਾ ਨਾਮ ਹੁੰਦਾ ਹੈ । ਅਗਿਆਨਤਾ ਦੇ ਅਭਾਵ ਤੋਂ ਮਾਨਵਤਾ ਪੈਦਾ ਹੁੰਦੀ ਹੈ । ਗੁਰਬਾਣੀ ਦਾ ਚਾਨਣ ਮਾਨਵਤਾ ਦਾ ਰਾਹ ਰੋਸ਼ਨ ਕਰਦਾ ਤੇ ਮੰਜ਼ਲ ਦਰਸਾਂਦਾ ਹੈ । ਮਾਨਵਤਾ ਦੀ ਪ੍ਰਾਪਤੀ ਦੇ ਯਤਨਾਂ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਨੇ 'ਧਰਮ-ਯੁਧ' ਆਖਿਆ ਹੈ । ਉਹ ਕਹਿੰਦੇ ਹਨ-

**ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁਧ ਕੇ ਚਾਇ ॥੨੪੯੧॥**

ਇਹ ਧਰਮ ਵਿਅਕਤੀ ਤੇ ਸਮਾਜ ਵਿੱਚ ਅਜਿਹਾ ਪ੍ਰੀਵਰਤਣ ਲਿਆਉਂਦਾ ਹੈ ਕਿ ਉਹ ਕੌਮ, ਜਾਤੀ ਜਾਂ ਵਿਅਕਤੀ ਦੇ ਸੀਮਤ ਬੰਧਨਾ ਚੋਂ ਮੁਕਤ ਹੋ ਕੇ ਅਸੀਮ ਮਾਨਵਤਾ ਵਿੱਚ ਵਿਚਰਦਾ ਹੋਇਆ, ਮਾਰੂ ਨਹੀਂ, ਸਗੋਂ ਉਸਾਰੂ ਕਾਰਜ ਕਰਨ ਲਈ ਵਚਨ-ਬੱਧ ਹੋ ਜਾਂਦਾ ਹੈ, ਅਤੇ-

"ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ' (੧੯)

ਦਾ ਅਨੁਆਈ ਅਤੇ ਢੰਡੋਰਚੀ ਬਣ ਜਾਂਦਾ ਹੈ।

ਗੁਰਬਾਣੀ ਅਨੁਸਾਰ, ਮਾਨਵਤਾ ਨੂੰ ਧਰਮ ਦਾ ਅਟੁੱਟ ਅੰਗ ਮੰਨਿਆ ਗਿਆ ਹੈ। ਅਸਲ ਵਿੱਚ ਕੋਈ ਵੀ ਧਰਮ ਅਜਿਹੀ ਭਾਵਨਾ ਤੋਂ ਬਿਨਾਂ ਹੋ ਹੀ ਨਹੀਂ ਸਕਦਾ। ਜਦੋਂ ਮਨੁੱਖ ਅੰਦਰ ਧਰਮ ਤੋਂ ਉਲਟ ਜਾ ਕੇ ਸੰਕੀਰਣਤਾ ਪੈਦਾ ਹੁੰਦੀ ਹੈ ਤਾਂ ਵਖਰੇਵੇਂ' ਦਾ ਦੈਂਤ ਉਸ ਉੱਤੇ ਸਵਾਰ ਹੋ ਜਾਂਦਾ ਹੈ।

ਸਾਂਝ ਰੱਬੀ-ਦਾਤ ਹੈ, ਤੇ ਵਖਰੇਵਾਂ ਮਨੁੱਖ ਦੀ ਆਪਣੀ ਪੈਦਾਵਾਰ। ਜਦੋਂ ਅਨੇਕਤਾ ਵਿੱਚੋਂ ਏਕਤਾ ਭਾਲੀ ਜਾਏ ਤਾਂ ਮਨੁੱਖ ਅੰਦਰ ਦੈਵੀ ਗੁਣ ਪੈਦਾ ਹੁੰਦੇ ਹਨ ਤੇ ਜਦੋਂ ਏਕ ਨੂੰ ਅਨੇਕ ਕਰਕੇ ਵੇਖਿਆ ਜਾਵੇ ਤਾਂ ਮਨੁੱਖ ਦੀ ਆਪਣੀ ਨਜ਼ਰ ਵਿੱਚ ਮੋਤੀਆ-ਬਿੰਦ ਹੁੰਦਾ ਹੈ। ਮਨੁੱਖਤਾ ਦੇ ਨਾਤੇ ਵੇਖਿਆ ਦੇਹੁਰਾ ਤੇ ਮਸੀਤ ਇੱਕੋ ਰੱਬ ਦਾ ਘਰ ਨਜ਼ਰ ਆਉਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦਾ ਕਥਨ ਹੈ -

**ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ**
**ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥**

ਗੁਰੂ ਅਰਜਨ ਸਾਹਿਬ ਦੇ ਕਥਨ ਇਸ ਵਿਚਾਰ ਨੂੰ ਹੋਰ ਪੱਕਿਆਂ ਕਰਦੇ ਹਨ ਜਦੋਂ ਉਹ ਕਹਿੰਦੇ ਹਨ-

**ਬਿਸਰਿ ਗਈ ਸਭ ਤਾਤਿ ਪਰਾਈ ॥**
**ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ ॥**
**ਨਾ ਕੋ ਬੈਰੀ ਨਹੀ ਬਿਗਾਨਾ**
**ਸਗਲ ਸੰਗਿ ਹਮ ਕਉ ਬਨਿ ਆਈ ॥੧॥ ॥੩॥੮॥**

**ਕਾਨੜਾ (ਮਃ ੫) - ਅੰਗ ੧੨੯੯**

**ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥**

**ਸੋਰਠਿ (ਮਃ ੫) - ਅੰਗ ੬੧੧**

ਗੁਰਬਾਣੀ ਦੇ ਲੋਕ-ਪ੍ਰੀਯ ਤੇ ਸਜੀਵ ਹੋਣ ਦਾ ਵੱਡਾ ਕਾਰਨ ਇਸ ਦਾ ਮਾਨਵ-ਵਾਦੀ ਹੋਣਾ ਹੀ ਹੈ। ਜੀਵ ਤੇ ਬ੍ਰਹਮ ਗੁਰਬਾਣੀ ਦੇ ਮੂਲ ਵਿਸ਼ੇ ਹਨ। 'ਗੁਰੂ-ਲਹਿਰ' 'ਲੋਕ-ਲਹਿਰ' ਸੀ ਤੇ ਉਸ ਦਾ 'ਲੋਕ-ਜੀਵਨ' ਨਾਲ 'ਲਹੂ-ਮਾਸ' ਦਾ ਰਿਸ਼ਤਾ ਸੀ। ਗੁਰਬਾਣੀ ਵਿੱਚ ਕਿਤੇ-ਕਿਤੇ 'ਲੋਕ-ਤੱਤ' ਬਹੁਤ ਉਭਰਵਾਂ ਹੈ, ਜਿਵੇਂ ਕਿ-

ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥

– ਸਿਰੀਰਾਗੁ (ਮਃ ੫) – ਅੰਗ ੭੪

ਇੱਕ ਲੋਕ-ਅਨੁਭਵ ਤੇ ਸਿਰਜੀ ਬਾਣੀ ਦਾ ਇੱਕ ਅਤਿ ਉੱਤਮ ਨਮੂਨਾ ਹੈ, ਜਿਸ ਵਿੱਚ ਲੋਕਾਂ ਦੇ ਸਾਹਸ ਤੇ ਬੀਰ ਭਾਵਨਾ ਦਾ ਚਿਤ੍ਰਣ ਕੀਤਾ ਗਿਆ ਹੈ। ਇਸੇ ਤਰ੍ਹਾਂ-

ਵੰਞੁ ਮੇਰੇ ਆਲਸਾ ਹਰਿ ਪਾਸਿ ਬੇਨੰਤੀ ॥
ਰਾਵਉ ਸਹੁ ਆਪਨੜਾ ਪ੍ਰਭ ਸੰਗਿ ਸੋਹੰਤੀ ॥

ਜਾਂ-

ਬਿਰਹਾ ਲਜਾਇਆ ਦਰਸੁ ਪਾਇਆ ਅਮਿਉ ਦ੍ਰਿਸਟਿ ਸਿੰਚੰਤੀ ॥
ਬਿਨਵੰਤਿ ਨਾਨਕੁ ਮੇਰੀ ਇਛ ਪੁੰਨੀ ਮਿਲੇ ਜਿਸੁ ਖੋਜੰਤੀ ॥੧॥

ਆਸਾ (ਮਃ ੫) – ਅੰਗ ੪੬੦

ਜਾਂ

ਨਸਿ ਵੰਞਹੁ ਕਿਲਵਿਖਹੁ ਕਰਤਾ ਘਰਿ ਆਇਆ ॥
ਦੂਤਹ ਦਹਨੁ ਭਇਆ ਗੋਵਿੰਦੁ ਪ੍ਰਗਟਾਇਆ ॥

ਆਸਾ (ਮਃ ੫) ਅੰਗ ੪੬੦

ਆਦਿ ਤੁਕਾਂ ਵਿੱਚ ਆਲਸ ਤੇ ਕਿਲਵਿਖਾਂ ਦਾ ਨਸ ਜਾਣਾ, ਬਿਰਹਾ ਦਾ ਸ਼ਰਮਸਾਰ ਹੋਣਾ ਆਦਿ ਇਸ ਢੰਗ ਨਾਲ ਆਖਿਆ ਗਿਆ ਹੈ ਕਿ ਇਸ ਵਿੱਚੋਂ ਗੁਰੂ ਸਾਹਿਬ ਦਾ ਮਾਨਵਵਾਦੀ ਨਜ਼ਰੀਆ ਉਘੜ ਕੇ ਸਾਹਮਣੇ ਆ ਜਾਂਦਾ ਹੈ।

ਜੋ ਲੋਕ ਆਪਣਾ ਧਾਰਮਕ ਪ੍ਰਭਾਵ ਆਮ ਲੋਕਾਂ ਤੇ ਪਾਉਣ ਲਈ ਕਈ ਪ੍ਰਕਾਰ ਦੇ ਪ੍ਰਪੰਚ ਕਰਦੇ ਹਨ। ਭਾਵ ਕਪੜੇ ਨਾ ਪਹਿਣ ਕੇ ਨੰਗੇ ਰਹਿਣਾ, ਮੂੰਹੋਂ ਬੋਲਣਾ ਨਾ, ਨੰਗੇ ਪੈਰੀਂ ਚਲਣਾ, ਗੰਦ ਮੰਦ ਖਾਣਾ ਤੇ ਸਿਰ ਸੁਆਹ ਪਾਣੀ ਆਦਿ ਝੂਠਾ ਵਿਖਾਵਾ ਕਰਦੇ ਹਨ, ਉਹ ਮਾਨਵਤਾ ਦੇ ਵੈਰੀ ਹੁੰਦੇ ਹਨ। ਗੁਰਬਾਣੀ ਵਿੱਚ ਅਜਿਹੇ ਲੋਕਾਂ ਦੀ ਭੰਡੀ ਕੀਤੀ ਗਈ ਹੈ ਤਾਕਿ ਆਮ ਜਨਤਾ ਉਨ੍ਹਾਂ ਭੁਲੇਖਿਆਂ ਤੋਂ ਬੱਚ ਸਕੇ। ਗੁਰੂ ਨਾਨਕ ਸਾਹਿਬ ਦਾ ਕਥਨ ਹੈ :

ਬਸਤ੍ਰ ਨ ਪਹਿਰੈ ॥ ਅਹਿਨਿਸ ਕਹਰੈ ॥
ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥
ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥
ਅਲੁ ਮਲੁ ਖਾਈ ਸਿਰਿ ਛਾਈ ਪਾਈ ॥
ਮੂਰਖਿ ਅੰਧੈ ਪਤਿ ਗਵਾਈ ॥ (੪੬੭)

ਜੋ ਲੋਕਾਂ ਤੇ ਆਪਣਾ ਪ੍ਰਭਾਵ ਪਾਉਣ ਲਈ ਵਿਖਾਵੇ ਦਾ ਨਿਉਂਦੇ ਹਨ ਜਾਂ ਹੋਰ ਕਈ ਪ੍ਰਕਾਰ

ਦੇ ਪਾਖੰਡ ਕਰਦੇ ਹਨ, ਉਨ੍ਹਾਂ ਪ੍ਰਤੀ ਗੁਰਬਾਣੀ ਵਿੱਚ ਥਾਂ-ਥਾਂ ਤੇ ਆਇਆ ਹੈ-

**ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥੧॥**

**ਆਸਾ ਕੀ ਵਾਰ (ਮ: ੧) - ਅੰਗ ੪੭੦**

(ਜਾਂ) "**ਛੋਡੀਲੇ ਪਾਖੰਡਾ ॥** ਤੇ ਉਨ੍ਹਾਂ ਨੂੰ ਸਮਝਾਇਆ ਗਿਆ ਹੈ ਕਿ ਸੱਚੇ ਪ੍ਰਮਾਤਮਾ ਦੀ ਪ੍ਰਾਪਤੀ ਲਈ ਤਨ-ਮਨ ਦੀ ਸੁਚ ਦੀ ਲੋੜ ਹੈ ।

**ਸੁਚਿ ਹੋਵੈ ਤਾ ਸਚੁ ਪਾਈਐ ॥੨॥ ਆਸਾ ਕੀ ਵਾਰ (ਮ: ੧) ਅੰਗ ੪੭੨**

ਬੜੇ ਸਪਸ਼ਟ ਸ਼ਬਦਾਂ ਵਿੱਚ ਕਿਹਾ ਗਿਆ ਹੈ ਕਿ ਕੁਕਰਮ ਕਰਨ ਵਾਲੇ ਨੂੰ ਹੀ ਉਸ ਦੀ ਸਜ਼ਾ ਭੁਗਤਣੀ ਪੈਣੀ ਹੈ । ਇਸ ਲਈ ਭੁੱਲ ਕੇ ਵੀ ਅਜਿਹਾ ਕਰਮ ਨਾ ਕਰੋ । ਕਬੀਰ ਸਾਹਿਬ ਦਾ ਕਥਨ ਹੈ -

**ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥**
**ਸੁਤ ਦਾਰਾ ਪਹਿ ਆਨਿ ਲੁਟਾਵੈ ॥੧॥**
**ਮਨ ਮੇਰੇ ਭੂਲੇ ਕਪਟੁ ਨ ਕੀਜੈ ॥**
**ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥੧॥ ਰਹਾਉ ॥**

**ਸੋਰਠਿ(ਭ. ਕਬੀਰ) - ਅੰਗ ੬੫੬**

ਇਸੇ ਵਿਚਾਰ ਨੂੰ ਗੁਰੂ ਨਾਨਕ ਸਾਹਿਬ "ਆਸਾ ਦੀ ਵਾਰ" ਵਿੱਚ ਇਸ ਤਰ੍ਹਾਂ ਪੇਸ਼ ਕਰਦੇ ਹਨ:-

**ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥**
**ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥**
**ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ ॥**
**ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ ॥**
**ਲਿਖਿ ਨਾਵੈ ਧਰਮੁ ਬਹਾਲਿਆ ॥੨॥ ਆਸਾ ਕੀ ਵਾਰ (ਮ: ੧) ੪੬੩**

"**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥**" ਕਹਿ ਕੇ ਗੁਰਬਾਣੀ ਵਿੱਚ ਮਾਨਵਤਾ ਦੇ ਸਭ ਤੋਂ ਸਰੇਸ਼ਟ ਗੁਣ "ਮਿਠਾਸ" ਵੱਲ ਸੰਕੇਤ ਕੀਤਾ ਗਿਆ ਹੈ । ਫਿੱਕਾ ਬੋਲਣ ਵਾਲਾ ਜਿੱਥੇ ਅਗਲੇ ਦੇ ਮਨ ਦੀ ਸ਼ਾਂਤੀ ਭੰਗ ਕਰਦਾ ਹੈ, ਉੱਥੇ ਆਪਣਾ ਤਨ ਮਨ ਵੀ ਰਸ-ਹੀਨ ਕਰ ਲੈਂਦਾ ਹੈ -

**ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥**

**ਆਸਾ ਕੀ ਵਾਰ (ਮ: ੧) ਅੰਗ ੪੭੩**

ਇਸੇ ਲਈ ਫਰੀਦ ਸਾਹਿਬ ਫੁਰਮਾਂਉਂਦੇ ਹਨ-

**ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥**

**ਸਲੋਕ (ਭ ਫਰੀਦ) - ਅੰਗ ੧੩੮੪**

ਫੇਰ ਕਹਿੰਦੇ ਹਨ, ਕਿ ਫਿੱਕਾ ਬੋਲ ਕੇ ਕਿਸੇ ਦਾ ਹਿਰਦਾ ਨਾ ਦੁਖਾ, ਕਿਉਂਕਿ ਸਭ ਹਿਰਦੇ ਮੋਤੀਆਂ ਹੀਰਿਆਂ ਵਾਂਗ ਅਨਮੋਲ ਹਨ। ਮਾਨਵਤਾ ਦਾ ਕਵੀ ਕਹਿੰਦਾ ਹੈ–

**"ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥**

**ਸਲੋਕ (ਭ ਫਰੀਦ) – ਅੰਗ ੧੩੮੪**

ਭਾਈ ਗੁਰਦਾਸ ਜੀ ਨੇ ਵੀ ਮਿੱਠੀ ਜ਼ਬਾਨ, ਸਹਿਨਸ਼ੀਲਤਾ ਤੇ ਉਦਾਰ-ਚਿੱਤ ਵਿਅਕਤੀ ਨੂੰ ਹੀ ਮਾਨਵਵਾਦੀ ਮੰਨਿਆ ਹੈ। ਉਸ ਦੀਆਂ ਖੂਬੀਆਂ ਬਿਆਨ ਕਰਦੇ ਹੋਏ ਲਿਖਦੇ ਹਨ:

**ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ।**
**ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ ਪਾਏ।**
**ਘਾਲਿ ਖਾਇ ਸੁਕ੍ਰਿਤੁ ਕਰੈ ਵਡਾ ਹੋਇ ਨ ਆਪੁ ਗਣਾਏ।**

**(ਵਾਰ ੨੮ ਪਉੜੀ ੧੫)**

ਇਸੇ ਵਿਚਾਰ ਦਾ ਵਰਣਨ ਗੁਰਬਾਣੀ ਵਿੱਚ ਇਸ ਤਰ੍ਹਾਂ ਕੀਤਾ ਗਿਆ ਹੈ:

**ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥**
**ਓਨੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥**

**– ਆਸਾ ਕੀ ਵਾਰ (ਮਃ ੧) – ਅੰਗ ੪੬੭**

ਤੇ ਇੱਕ ਥਾਂ ਆਖਿਆ ਹੈ :

**ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥**

**ਰਾਮਕਲੀ ਅਨੰਦ (ਮਃ ੩) – ਅੰਗ ੯੧੮**

ਦਸਮ ਪਾਤਸ਼ਾਹ ਦਾ ਕਥਨ ਹੈ :

**ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥**

ਸਾਊ ਤੇ ਚੰਗੇਰਾ ਮਨੁੱਖ ਉਹ ਹੈ ਜੋ ਬਾਹਰੋਂ ਦਿਸਣ ਵਿੱਚ ਤਾਂ ਭਾਵੇਂ ਸਾਧਾਰਨ ਜਾਪੇ, ਪਰ ਉਸ ਅੰਦਰ ਖੂਬੀਆਂ ਬਹੁਤ ਹੋਣ। ਪ੍ਰਥਮ ਗੁਰੂ ਦਾ ਕਥਨ ਹੈ :

**ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ ॥**

**ਆਸਾ ਕੀ ਵਾਰ (ਮਃ ੧) – ਅੰਗ ੪੭੩**

ਪਰ ਇਸ ਦੇ ਉਲਟ ਜੋ ਬਾਹਰੋਂ ਤਾਂ ਦਿਸਣ ਵਿੱਚ ਸਾਫ-ਸੁਥਰੇ, ਬਣੇ-ਠਣੇ ਹੋਣ, ਪਰ ਜਿਨ੍ਹਾਂ ਦੇ ਅੰਦਰ ਬੁਰਿਆਈਆਂ ਦੀ ਮੈਲ ਭਰੀ ਹੋਵੇ, ਉਹ ਮਨੁੱਖਤਾ ਵਾਸਤੇ ਸ਼ਰਮ ਦਾ ਕਾਰਨ ਬਣਦੇ ਹਨ :

**ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ॥**

**ਰਾਮਕਲੀ ਅਨੰਦ (ਮਃ ੩) – ਅੰਗ ੯੧੯**

ਸੱਚੀ ਮਾਨਵਤਾ ਦੀ ਨਿਸ਼ਾਨੀ ਹੈ ਕਿ ਜਿਹੋ ਜਿਹਾ ਕਰਮ ਕੀਤਾ ਜਾਵੇ, ਉਹੋ ਜਿਹਾ ਫਲ ਭੁਗਤਣਾ ਪੈਂਦਾ ਹੈ, ਕਿਸੇ ਦਾ ਲਿਹਾਜ਼ ਨਹੀਂ ਹੁੰਦਾ, ਭਾਵੇਂ ਕੋਈ ਕਿਸੇ ਧਰਮ, ਗੋਤ, ਜ਼ਾਤ, ਦੇਸ਼ ਜਾਂ ਨਸਲ ਨਾਲ ਸੰਬੰਧ ਰੱਖਦਾ ਹੋਵੇ। ਆਮ ਕਹਾਵਤ ਹੈ:

"ਅਸਲਾਂ ਤੇ ਹੋਣਗੇ ਨਬੇੜੇ, ਜ਼ਾਤ ਕਿਸੇ ਪੁਛਣੀ ਨਹੀਂ ।"

ਇਸ ਪ੍ਰਤੀ ਗੁਰਬਾਣੀ ਵਿੱਚ ਕਥਨ ਹੈ:

**"ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ॥"**

**ਆਸਾ ਕੀ ਵਾਰ (ਮਃ ੧) - ਅੰਗ ੪੬੮**

**ਜਾਂ- "ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥"**

**ਮਾਝ ਬਾਰਹਮਾਹਾ (ਮਃ ੫) - ਅੰਗ ੧੩੪**

ਆਸਾ ਜੀ ਦੀ ਵਾਰ ਵਿੱਚ ਤਨਜ਼ ਕਰਦਿਆਂ ਕਿਹਾ ਗਿਆ ਹੈ, ਕਿ ਇਹ ਨਿਆਂ ਕਿਸ ਤਰ੍ਹਾਂ ਹੋਇਆਂ ਕਿ ਬੀਜੇ ਜ਼ਹਿਰ ਤੇ ਫਲ ਮੰਗੇ ਅੰਮ੍ਰਿਤ :

**"ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ ॥੨॥**

**ਆਸਾ ਕੀ ਵਾਰ (ਮਃ ੨) - ਅੰਗ ੪੭੪**

'ਅਨੰਦ ਸਾਹਿਬ' ਵਿੱਚ ਗੁਰੂ ਸਾਹਿਬ ਨੇ ਮਨੁੱਖ ਨੂੰ ਮਨੁੱਖੀ ਟੀਚੇ ਤੋਂ ਡਿਗਣ ਨਾ ਦੇਣ ਲਈ ਇਹ ਢੰਗ ਦੱਸਦਿਆਂ ਲਿਖਿਆ ਹੈ:

**ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥**
**ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥**
**ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥**

**ਰਾਮਕਲੀ ਅਨੰਦ (ਮਃ ੩) - ਅੰਗ ੯੧੮**

ਤੇ ਮਾਨਵਵਾਦੀ ਟੀਚਾ ਇਹ ਦੱਸਿਆ ਹੈ :

**ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥੨੦॥**

**ਆਸਾ ਕੀ ਵਾਰ (ਮਃ ੧) - ਅੰਗ ੪੭੪**

ਭਾਵ-ਉਹ ਕਾਰਜ ਕਰੋ, ਜੋ ਸਰਬ-ਮਾਨਵਤਾ ਦੇ ਭਲੇ ਲਈ ਹੋਵੇ । ਤੁਹਾਡਾ ਭਲਾ ਆਪਣੇ ਆਪ ਹੋ ਜਾਵੇਗਾ ।

ਮਾਨਵਵਾਦੀ ਮਨੁੱਖ ਦੇ ਹਿਰਦੇ ਵਿੱਚ "ਬ੍ਰਹਮ" ਦਾ ਨਿਵਾਸ ਹਣ ਕਰ ਕੇ, ਉਹ ਦੁੱਖ-ਸੁੱਖ, ਭੈ-ਭਾਉ, ਨਿੰਦਾ-ਉਸਤਤ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਮੁਕਰ ਹੋ ਜਾਂਦਾ ਹੈ ਤੇ ਆਸਾ-ਮਨਸਾ, ਹਰਖ ਸੋਗ ਤੋਂ ਨਿਆਰਾ ਹੋ ਕੇ ਇੱਕ ਸਮਾਨ ਰਹਿੰਦਾ ਹੈ । ਇਹ ਮੰਜ਼ਲ ਬਹੁਤ ਉਚੇਰੀ ਹੈ । ਗੁਰੂ ਦੀ ਕਿਰਪਾ ਤੇ ਸੇਵਾ ਭਾਵਨਾ ਦੇ ਕਾਰਜ ਕਰਨ ਨਾਲ ਹੀ ਪ੍ਰਾਪਤ ਹੁੰਦੀ ਹੈ । ਇਸੇ ਨੂੰ ਬ੍ਰਹਮ ਗਿਆਨੀ ਵੀ ਕਿਹਾ ਗਿਆ ਹੈ । ਜਿਹੜਾ ਵਿਅਕਤੀ ਇਸ ਸਮਦਰਸਤਾ ਦੀ ਪਰਖ ਵਿੱਚ ਖਰਾ ਨਿਕਲੇ, ਉਹੋ ਹੀ ਸਮਾਜ, ਜ਼ਾਤੀ ਤੇ ਦੇਸ਼ ਵਾਸਤੇ ਕੁਝ ਕਰਨ ਜੋਗ ਹੁੰਦਾ ਹੈ । ਸੋਰਠਿ ਰਾਗ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦਾ ਕਥਨ ਹੈ :

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ ਰਹਾਉ ॥**

**ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥**
**ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥**
**ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥**
**ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ**
**ਤਿਹ ਘਟਿ ਬ੍ਰਹਮੁ ਨਿਵਾਸਾ ॥੨॥ ॥੩॥੧੧॥ਸੋਰਠਿ (ਮ: ੯)ਅੰਗ ੬੩੩**

ਇਸ ਦੇ ਉਲਟ ਜੋ ਸਾਕਤ ਪੁਰਸ਼ ਹੈ, ਉਸ ਦੇ ਹਿਰਦੇ ਅੰਦਰ ਬ੍ਰਹਮ ਦਾ ਨਿਵਾਸ ਨਾ ਹਣ ਕਰ ਕੇ ਉਸ ਨੂੰ "ਹਰਿ ਰਸ" ਦਾ ਸੁਆਦ ਨਹੀਂ ਆ ਸਕਦਾ। ਉਸ ਦੇ ਅੰਦਰ ਹਉਮੈ ਦਾ ਕੰਢਾ ਚੁਭਿਆ ਹੋਇਆ ਹੋਣ ਕਰ ਕੇ ਉਹ ਆਪਣਾ ਮਨੂਆ ਸਥਿਰ ਨਹੀਂ ਰੱਖ ਸਕਦਾ। ਉਹ ਲੋਕਾਈ ਲਈ, ਮਾਨਵਤਾ ਲਈ ਕੀਹ ਕਰੇਗਾ ? ਪਰ ਇਸ ਦੇ ਉਲਟ ਜਿਨ੍ਹਾਂ ਨੂੰ "ਹਰਿ ਰਸ" ਦਾ ਸੁਆਦ ਆ ਗਿਆ। ਉਨ੍ਹਾਂ ਲਈ ਬਿਗਾਨਾ ਤੇ ਗੈਰ ਕੋਈ ਰਹਿ ਨਹੀਂ ਜਾਂਦਾ। ਉਹ ਤਾਂ ਪੁਕਾਰ ਉੱਠਦੇ ਹਨ:

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥**
**- ਪ੍ਰਭਾਤੀ (ਭ. ਕਬੀਰ) - ਅੰਗ ੧੩੪੯**

ਉਹ ਤਾਂ ਕਬੀਰ ਸਾਹਿਬ ਨਾਲ ਸੁਰ ਮਿਲਾ ਕੇ ਆਖਦੇ ਹਨ:

**ਕਹੁ ਕਬੀਰ ਇਹੁ ਰਾਮ ਕੀ ਅੰਸੁ ॥ਗੋਂਡ (ਭ ਕਬੀਰ) - ਅੰਗ ੮੭੧**

ਜਦ ਸਾਰੇ ਹੀ ਵਾਹਿਗੁਰੂ ਦੇ ਪ੍ਰੀਵਾਰ ਦੇ ਜੀਅ ਹੋਏ ਤਾਂ ਫੇਰ ਚੰਗਾ ਕੌਣ ਤੇ ਮੰਦਾ ਕੌਣ ? ਇੱਕ-ਇੱਕ ਨਾਲ ਮਿਲ ਕੇ ਸਾਰਾ ਪ੍ਰੀਵਾਰਬਨਿਆ ਹੈ ਤਾਂ ਸਭ ਦਾ ਦੁੱਖ-ਸੁੱਖ ਸਾਂਝਾ ਹੋ ਗਿਆ। ਹਉਮੈ ਹੀ ਵਖਰੇਵੇਂ ਦਾ ਕਾਰਨ ਹੈ। ਇਸ ਲਈ ਸਤਿਗੁਰੂ ਦਾ ਫੁਰਮਾਨ ਹੈ :

**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥**
**ਵਡਹੰਸ (ਮ: ੩) - ਅੰਗ ਪ੬੦**

ਜੋ ਆਪਣੇ ਸਾਹਿਬ ਦੇ ਰੰਗ ਵਿੱਚ ਰੰਗੇ ਗਏ ਉਨ੍ਹਾਂ ਵਿੱਚ ਹਉਮੈ ਨਾ ਰਹੀ। ਹਉਮੈ ਨ ਰਹੀ ਤਾਂ ਸਭ ਆਪਣੇ ਲਗਣ ਲੱਗ ਪਏ, ਸਭ ਚੰਗੇ ਲਗਣ ਲੱਗ ਪਏ :

**ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ ॥੧॥**
**ਵਡਹੰਸ (ਮ: ੧) - ਅੰਗ ਪਪ੭**

ਫੇਰ ਹਿੰਦੂ ਮੁਸਲਮਾਨ ਦਾ ਝਗੜਾ ਵੀ ਮਿਟ ਗਿਆ। ਕਿਉਂਕਿ ਸਮਝ ਆ ਗਈ ਸਭ ਅੱਲ੍ਹਾ ਜਾਂ ਰਾਮ ਦੀ ਅੰਸ਼ ਹਨ।

**ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥੪॥**
**- ਭੈਰਉ (ਮ: ੫) - ਅੰਗ ੧੧੩੬**

ਇਹ ਨਜ਼ਰੀਆ ਹੀ ਮਾਨਵਵਾਦੀ ਹੈ।

ਜਦੋਂ ਗੁਰੂ ਨਾਨਕ ਸਾਹਿਬ ਮੱਕੇ ਵਿਖੇ ਮੌਲਵੀਆਂ ਨੂੰ ਮਿਲੇ ਤਾਂ ਉਹਨਾਂ ਗੁਰੂ ਜੀ ਉੱਤੇ ਪ੍ਰਸ਼ਨ ਕੀਤਾ ਕਿ ਤੁਹਾਡੀ ਨਜ਼ਰ ਚ ਹਿੰਦੂ ਵੱਡੇ ਹਨ ਕਿ ਮੁਸਲਮਾਨ ? ਤਾਂ ਸਤਿਗੁਰੂ ਨੇ ਆਪਣੇ ਮਾਨਵਵਾਦੀ ਨਜ਼ਰੀਏ ਦਾ ਨਿਚੋੜ ਦੇਂਦਿਆਂ ਫੁਰਮਾਇਆ ਸੀ :

**"ਸੁਭਿ ਅਮਲਾ ਬਾਝਹੁ ਦੋਨੋ ਰੋਈ ॥"**

ਜਿਸ ਦਾ ਭਾਵ ਹੈ ਕਿ ਮਨੁੱਖਤਾ ਦੇ ਨਾਤੇ ਉਹ ਹੀ ਵੱਡਾ ਹੈ, ਜਿਸ ਦੇ ਅਮਲ ਵੱਡੇ ਹਨ । ਮਾਨਵਵਾਦੀ ਨਜ਼ਰੀਆ ਰਖਣ ਵਾਲੇ ਵਿਅਕਤੀਆਂ ਨੂੰ ਸਭ ਮਨੁੱਖ ਬਰਾਬਰ ਦਿਸਦੇ ਹਨ। ਕੋਈ ਚੰਗਾ ਜਾਂ ਮੰਦਾ ਜ਼ਾਤ ਬਰਾਦਰੀ ਕਰ ਕੇ ਨਹੀਂ ਹੁੰਦਾ, ਕਿਉਂਕਿ ਸਭ "ਰਾਮ ਦੀ ਅੰਸ਼" ਹਨ । ਗੁਰੂ ਅਰਜਨ ਪਾਤਸ਼ਾਹ ਦਾ ਕਥਨ ਹੈ :

**ਜੋ ਦੀਸੈ ਸੋ ਤੇਰਾ ਰੂਪੁ ॥ਤਿਲੰਗ (ਮः ੫) – ਅੰਗ ੭੨੪**

ਇਹੋ ਵਿਚਾਰ ਗੁਰੂ ਨਾਨਕ ਸਾਹਿਬ ਨੇ ਗਉੜੀ ਰਾਗ ਵਿੱਚ ਇਸ ਤਰ੍ਹਾਂ ਪ੍ਰਗਟ ਕੀਤਾ ਹੈ :

**ਦੂਜਾ ਕਉਣੁ ਕਹਾ ਨਹੀ ਕੋਈ॥ ਸਭ ਮਹਿ ਏਕੁ ਨਿਰੰਜਨੁ ਸੋਈ ॥੧॥ ਰਹਾਉ॥**
**– ਗਉੜੀ (ਮः ੧) – ਅੰਗ ੨੨੩**

ਮਾਨਵ–ਵਾਦੀ ਨਜ਼ਰੀਆ ਸਮਦਰਸ਼ਤਾ ਵਾਲਾ ਹੁੰਦਾ ਹੈ । ਉਸ ਅਨੁਸਾਰ ਕੋਈ ਗੈਰ ਬਿਗਾਨਾ, ਕੋਈ ਦੁਸ਼ਮਨ ਵੈਰੀ ਰਹਿੰਦਾ ਹੀ ਨਹੀਂ । ਧਨਾਸਰੀ ਰਾਗ ਵਿੱਚ ਗੁਰੂ ਅਰਜਨ ਸਾਹਿਬ ਦਾ ਫੁਰਮਾਨ ਹੈ:

**ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥**
**ਧਨਾਸਰੀ (ਮः ੫) – ਅੰਗ ੬੭੧**

ਸਿੱਖ–ਅਰਦਾਸ ਵਿੱਚ "ਸਰਬਤ ਦਾ ਭਲਾ" ਮੰਗਣਾ ਮਾਨਵਵਾਦੀ ਨਜ਼ਰੀਏ ਦੀ ਸਿਖਰ ਮੰਨੀ ਜਾਂਦੀ ਹੈ । ਇਸੇ ਭਾਵਨਾ ਨੇ ਹੀ ਗੁਰੂ ਅਮਰਦਾਸ ਸਾਹਿਬ ਦੇ ਕੋਮਲ ਹਿਰਦੇ ਵਿੱਚੋਂ ਹੁਕ ਕਢੀ ਸੀ, ਜਦੋਂ ਉਨ੍ਹਾਂ ਤਰਲਾ ਲੈ ਕੇ ਅਕਾਲ ਪੁਰਖ ਨੂੰ ਆਖਿਆ ਸੀ:

**ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥**
**ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥**
**ਬਿਲਾਵਲੁ ਕੀ ਵਾਰ (ਮः ੩ – ਅੰਗ ੮੫੩**

ਮਾਨਵਤਾ ਦੇ ਦਰਦੀ ਗੁਰੂ ਨਾਨਕ ਪਾਤਸ਼ਾਹ ਨੇ ਮਾਨਵਤਾ ਦੀ ਖਾਤਰ ਕਿੰਨੇ ਭਰੋਸੇ ਨਾਲ ਆਖਿਆ ਹੈ :

**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥੪॥੩॥**
**ਸਿਰੀਰਾਗੁ (ਮः ੧) – ਅੰਗ ੧੫**

ਧੰਨਵਾਦ ਸਾਹਿਤ ਵਿਚੋਂ :– ਗੁਰਮਤਿ ਪ੍ਰਕਾਸ਼

# ਗੁਰਬਾਣੀ ਵਿੱਚ ਭਾਣਾ ਮੰਨਣ ਦਾ ਸੰਕਲਪ

**ਡਾ. ਸਰੂਪ ਸਿੰਘ ਅਲੱਗ**

**ਪੀ. ਐਚ. ਡੀ., ਡੀ. ਲਿਟ. ਯੂ ਐਸ. ਏ.**

**ਜੋ ਕਿਛੁ ਵਰਤੈ ਸੋ ਸਭ ਤੇਰਾ ਭਾਣਾ ॥**

**ਹੁਕਮੁ ਬੂਝੈ ਸੋ ਸਚਿ ਸਮਾਣਾ ॥ ਅੰਕ-੧੯੩**

**ਪੰਜਾਬੀ ਸੱਭਿਆਚਾਰ ਵਿੱਚ ਭਾਣਾ** ਮੰਨਣ ਦੀ ਗੱਲ ਹਰ ਜ਼ਬਾਨ ਤੇ ਉਸ ਸਮੇਂ ਸਹਿਜ ਸੁਭਾਏ ਹੀ ਆ ਜਾਂਦੀ ਹੈ ਜਦ ਕੋਈ ਬਿਪਤਾ ਵਿੱਚ ਹੋਵੇ ਤੇ ਉਸ ਨੂੰ ਧੀਰਜ, ਹੌਂਸਲਾ, ਦਿਲਾਸਾ ਦੇਣਾ ਹੋਵੇ। ਵੱਖ-ਵੱਖ ਢੰਗਾਂ ਨਾਲ ਉਸ ਨੂੰ ਆਪਣਾ ਦੁੱਖ ਜਰਨ ਲਈ ਕਈ ਉਦਾਹਰਨਾਂ ਇਤਿਹਾਸ ਵਿੱਚੋਂ ਦੁਹਰਾ ਕੇ ਸੁਣਾਈਆਂ ਜਾਂਦੀਆਂ ਹਨ ਤੇ ਆਖਰ ਗੱਲ ਇੱਥੇ ਹੀ ਆ ਕੇ ਮੁੱਕਦੀ ਹੈ ਕਿ ਭਾਣਾ ਮੰਨਣ ਤੋਂ ਬਿਨਾਂ ਹੋਰ ਚਾਰਾ ਹੀ ਕੋਈ ਨਹੀਂ, ਇਸ ਨੂੰ ਮਿੱਠਾ ਕਰਕੇ ਮੰਨਣ ਵਿੱਚ ਹੀ ਮਨ ਦਾ ਸੰਤੋਖ ਹੈ ਤੇ ਅਕਾਲਪੁਰਖ ਦੀ ਖੁਸ਼ੀ ਦਾ ਪ੍ਰਗਟਾਵਾ ਵੀ। ਗੁਰਬਾਣੀ ਵਿੱਚ ਗੁਰਸਿੱਖ ਨੂੰ ਹਦਾਇਤ ਹੈ ਕਿ ਉਸ ਨੇ ਭਾਣੇ ਨੂੰ ਉਸ ਦੀ ਰਜ਼ਾ ਵਿੱਚ ਰਹਿ ਕੇ ਸ਼ੁਕਰ ਕਰਕੇ ਮੰਨਣਾ ਹੈ ਅਤੇ ਵੱਡੀ ਤੋਂ ਵੱਡੀ ਦੁਖਦਾਈ ਅਵਸਥਾ ਨੂੰ ਝੱਲਣ ਤੇ ਵੀ ਅਰਦਾਸ ਕਰਨ ਤੋਂ ਪਹਿਲੇ ਆਨੰਦ ਸਾਹਿਬ ਦੀ ਆਤਮਿਕ ਆਨੰਦ ਦੇਣ ਵਾਲੀ ਬਾਣੀ ਦਾ ਗਾਇਨ ਕਰਨਾ ਹੈ। ਇਹ ਭਾਣਾ ਮੰਨਣ ਦੀ ਫਿਲਾਸਫੀ ਦਾ ਨਿਚੋੜ ਹੈ ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਦੇ ਸਿੱਖ ਨੇ ਗੁਰੂ ਆਸ਼ੇ ਅਨੁਸਾਰ ਜੀਵਨ ਬਤੀਤ ਕਰਦਿਆਂ ਨਾ ਖੁਸ਼ੀ ਵਿੱਚ ਬਹੁਤਾ ਉਛਲਣਾ ਹੈ ਨਾ ਗ਼ਮੀ ਵਿੱਚ ਬਹੁਤਾ ਪ੍ਰੇਸ਼ਾਨ ਜਾਂ ਪਸ਼ੇਮਾਨ ਹੋਣਾ ਹੈ। ਸਿੱਖ ਇਤਿਹਾਸ ਵਿੱਚ ਇਸ ਸਥਿਤੀ ਦੇ ਧਾਰਨੀ ਹੋਣ ਬਾਰੇ ਕਈ ਪ੍ਰਮਾਣ ਉਪਲਬਧ ਹਨ।

ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾਉਣ ਲੱਗਿਆਂ ਆਪਣੇ ਸਿੱਖ ਸੇਵਕਾਂ ਤੇ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਆਪਣੇ ਪਾਸ ਬਿਠਾ ਕੇ ਬੜੇ ਪਿਆਰ ਨਾਲ ਉਪਦੇਸ਼ ਕਰਦੇ ਹਨ **ਕਿ ਮੌਤ ਨੂੰ ਦੁਖਦਾਈ ਨਹੀਂ ਸਮਝਣਾ, ਇਸ ਨੇ ਤਾਂ ਹਰ ਕਿਸੇ ਤੇ ਆਉਣਾ ਹੈ, ਇਹ ਜ਼ਿੰਦਗੀ ਦੀ ਸੰਪੂਰਨਤਾ ਹੈ। ਜਿਸ ਨੇ ਚੰਗੇ ਕਰਮ ਕਰਕੇ ਜੀਵਨ ਬਤੀਤ ਕੀਤਾ ਹੈ ਉਸ ਲਈ ਇਹ ਖੁਸ਼ੀ ਦਾ ਅਵਸਰ ਹੈ ਕਿਉਂਕਿ ਇਸ ਤਰ੍ਹਾਂ ਉਸ ਨੂੰ ਆਪਣੇ ਮਾਲਕ ਪ੍ਰੀਤਮ ਦੀ ਗੋਦ ਵਿੱਚ ਜਾ ਬੈਠਣ ਦਾ ਅਵਸਰ ਮਿਲ ਰਿਹਾ ਹੁੰਦਾ ਹੈ, ਇਸ ਲਈ ਇਹ ਅਵਸਰ ਰੁਦਨ ਕਰਨ ਵਾਲਾ ਨਹੀਂ ਸਗੋਂ ਪਿਆਰ ਨਾਲ, ਅਰਦਾਸ ਕਰਕੇ, ਅਸੀਸਾਂ ਬਖਸ਼ ਕੇ ਵਿਦਾ ਕਰਨ ਦਾ ਹੈ।** ਲੋੜ ਹੈ ਪਿੱਛੋਂ ਕੀਰਤਨ ਕਰਨ ਦੀ, ਸਾਧ ਸੰਗਤ ਵਿੱਚ ਰਲ ਬੈਠ ਕੇ ਅਕਾਲਪੁਰਖ ਦੀ ਉਸਤਤ ਕਰਨ ਦੀ ਜੋ ਮਹਾਨ ਹੈ ਤੇ ਸਰਬ ਕਲਾ ਸੰਪੂਰਨ ਤੇ ਸਰਬ ਸਮਰਥ ਸਵਾਮੀ ਹੈ। ਉਸ ਅੱਗੇ ਬੇਨਤੀ ਕਰਨੀ ਹੈ ਕਿ ਉਹ ਸੰਸਾਰ ਛੱਡਣ ਵਾਲੇ ਪ੍ਰਾਣੀ ਨੂੰ ਆਪਣੀ ਨਦਰਿ ਦੁਆਰਾ ਬਖਸ਼ ਦੇਵੇ ਤੇ ਉਸ ਦਾ ਆਵਾਗਵਣ ਨਿਵਾਰ ਦੇਵੇ। ਬਾਬਾ

ਸੁੰਦਰ ਜੀ ਦੀ ਸਦ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਅੰਕ- 923/24 ਤੇ ਬਿਰਾਜਮਾਨ ਹੈ, ਭਾਣਾ ਮੰਨਣ ਦੀ ਇੱਕ ਅਤੀ ਉੱਤਮ ਮਿਸਾਲ ਹੈ ਜੋ ਗੁਰੂ ਅਮਰਦਾਸ ਸਾਹਿਬ ਨੇ ਆਪਣੇ ਉੱਪਰ ਘਟਾ ਕੇ ਆਪਣੇ ਸੇਵਕਾਂ ਦਾ ਪਥ ਪਰਦਰਸ਼ਨ ਕੀਤਾ ਹੈ। ਸਦ ਦਾ ਕੁੱਝ ਨਮੂਨਾ ਪੇਸ਼ ਹੈ :

**ਮੇਰੇ ਸਿਖ ਸੁਣਹੁ ਪੁਤ ਭਾਈਹੋ ਮੇਰੈ ਹਰਿ ਭਾਣਾ ਆਉ ਮੈ ਪਾਸਿ ਜੀਉ ॥**
**ਹਰਿ ਭਾਣਾ ਗੁਰ ਭਾਇਆ ਮੇਰਾ ਹਰਿ ਪ੍ਰਭੁ ਕਰੇ ਸਾਬਾਸਿ ਜੀਉ ॥**
**ਭਗਤੁ ਸਤਿਗੁਰੁ ਪੁਰਖੁ ਸੋਈ ਜਿਸੁ ਹਰਿ ਪ੍ਰਭ ਭਾਣਾ ਭਾਵਏ ॥**
**ਆਨੰਦ ਅਨਹਦ ਵਜਹਿ ਵਾਜੇ ਹਰਿ ਆਪਿ ਗਲਿ ਮੇਲਾਵਏ ॥**
**ਤੁਸੀ ਪੁਤ ਭਾਈ ਪਰਵਾਰੁ ਮੇਰਾ ਮਨਿ ਵੇਖਹੁ ਕਰਿ ਨਿਰਜਾਸਿ ਜੀਉ ॥**
**ਧੁਰਿ ਲਿਖਿਆ ਪਰਵਾਣਾ ਫਿਰੈ ਨਾਹੀ ਗੁਰੁ ਜਾਇ ਹਰਿ ਪ੍ਰਭ ਪਾਸਿ ਜੀਉ ॥੩॥**
**– ਰਾਮਕਲੀ ਸਦ (ਭ. ਸੁੰਦਰ) – ਅੰਗ ੯੨੩**

**ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ ॥**
**ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ ॥**
**– ਰਾਮਕਲੀ ਸਦ (ਭ. ਸੁੰਦਰ) – ਅੰਗ ੯੨੩**

**ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥**
**– ਰਾਮਕਲੀ ਸਦ (ਭ. ਸੁੰਦਰ) – ਅੰਗ ੯੨੩**

**ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ ॥**
**ਹਰਿ ਗੁਰਹਿ ਭਾਣਾ ਦੀਈ ਵਡਿਆਈ ਧੁਰਿ ਲਿਖਿਆ ਲੇਖੁ ਰਜਾਇ ਜੀਉ ॥**
**ਕਹੈ ਸੁੰਦਰੁ ਸੁਣਹੁ ਸੰਤਹੁ ਸਭੁ ਜਗਤੁ ਪੈਰੀ ਪਾਇ ਜੀਉ ॥੬॥੧॥**
**ਰਾਮਕਲੀ ਸਦ (ਭ. ਸੁੰਦਰ) – ਅੰਗ ੯੨੪**

ਭਾਣਾ ਕੀ ਹੈ, ਇਸਨੂੰ ਕਿਵੇਂ ਮੰਨਣਾ ਹੈ, ਇਸ ਦੀ ਵਡਿਆਈ ਕੀ ਹੈ, ਇਸ ਸਾਰੇ ਕੁਝ ਬਾਰੇ ਇਸ ਬਾਣੀ ਵਿੱਚ ਜੋ ਸਪੱਸ਼ਟਤਾ ਸਹਿਤ ਵਖਿਆਨ ਹੈ, ਉਹ ਇਸ ਵਿਸ਼ੇ ਤੇ ਆਪਣੀ ਮਿਸਾਲ ਆਪ ਹੈ।

ਗੁਰ ਅਮਰਦਾਸ ਜੀ ਭਾਣਾ ਮੰਨਣ ਦੇ ਲਾਭਾਂ ਦਾ ਵੀ ਆਪਣੀ ਬਾਣੀ ਵਿੱਚ ਬਹੁਤ ਵਧੀਆ ਉਲੇਖ ਕਰਕੇ ਗੁਰਬਾਣੀ ਪ੍ਰੇਮੀਆਂ ਨੂੰ ਖ਼ੁਸ਼ੀ ਖ਼ੁਸ਼ੀ ਭਾਣਾ ਮੰਨਣ ਦੀ ਤਾਕੀਦ ਕਰਦੇ ਹਨ।

**ਹਰਿ ਕੈ ਭਾਣੈ ਗੁਰੁ ਮਿਲੈ ਸੇਵਾ ਭਗਤਿ ਬਨੀਜੈ ॥**
**ਹਰਿ ਕੈ ਭਾਣੈ ਹਰਿ ਮਨਿ ਵਸੈ ਸਹਜੇ ਰਸੁ ਪੀਜੈ ॥**
**ਹਰਿ ਕੈ ਭਾਣੈ ਸੁਖੁ ਪਾਈਐ ਹਰਿ ਲਾਹਾ ਨਿਤ ਲੀਜੈ ॥**
**ਹਰਿ ਕੈ ਤਖਤਿ ਬਹਾਲੀਐ ਨਿਜ ਘਰਿ ਸਦਾ ਵਸੀਜੈ ॥**
**ਗੂਜਰੀ ਕੀ ਵਾਰ:੧ (ਮਃ ੩) – ਅੰਗ ੫੧੫**

ਗੁਰ ਇਤਿਹਾਸ ਅੱਗੇ ਤੁਰਦਾ ਹੈ । ਪੰਚਮ ਪਿਤਾ ਗੁਰੂ ਅਰਜਨ ਦੇਵ ਜੀ ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਕੱਟੜਪੁਣੇ ਦਾ ਸ਼ਿਕਾਰ ਹੁੰਦੇ ਹਨ ਜੋ ਲਿਖਤੀ ਰੂਪ ਵਿੱਚ ਆਪਣੇ ਹੱਥ ਨਾਲ ਲਿਖੀ ਡਾਇਰੀ ਤੌਜ਼ਕੇ-ਜਹਾਂਗੀਰੀ ਵਿੱਚ ਅੰਕਤ ਕਰਦਾ ਹੈ ਕਿ ਉਹ ਗੁਰੂ ਅਰਜਨ ਵਲੋਂ ਚਲਾਈ ਜਾ ਰਹੀ ਝੂਠ ਦੀ ਦੁਕਾਨ ਨੂੰ ਜਲਦੀ ਤੋਂ ਜਲਦੀ ਬੰਦ ਕਰਨਾ ਚਾਹੁੰਦਾ ਹੈ । ਆਪਣੀ ਇਸ ਪਖਪਾਤੀ ਧਾਰਨਾ ਕਾਰਨ ਉਸ ਨੇ ਆਨੇ ਬਹਾਨੇ ਗੁਰੂ ਸਾਹਿਬ ਨੂੰ ਸਖਤ ਤਸੀਹੇ ਦੇ ਕੇ ਯਾਮਾ ਵਿਧੀ ਅਨੁਸਾਰ ਸ਼ਹੀਦ ਕਰਵਾ ਦਿੱਤਾ । ਕੌਮ ਲਈ ਇਮਤਿਹਾਨ ਦੀ ਘੜੀ ਆ ਗਈ । ਗੁਰੂ ਸਾਹਿਬ ਇੱਥੇ ਵੀ ਮਨੁੱਖ ਮਾਤਰ ਦਾ ਮਾਰਗ ਦਰਸ਼ਨ ਕਰਦੇ ਹਨ, ਮੌਤ ਨੂੰ ਸਹੇੜ ਕੇ ਵੀ ਸ਼ਾਂਤ ਚਿੱਤ ਰਹਿ ਕੇ ਭਾਣਾ ਮੰਨਣ ਦੀ ਤਾਕੀਦ ਕਰਦੇ ਹਨ ਤੇ ਖੁਦ ਇਸ ਤੇ ਅਮਲ ਕਰਕੇ ਇੱਕ ਸ਼ਕਤੀਸ਼ਾਲੀ ਸਦਾ ਜੀਵਨ ਰਹਿਣ ਵਾਲੀ ਮਿਸਾਲ ਸਾਡੇ ਸਾਹਮਣੇ ਪੇਸ਼ ਕਰਕੇ ਹੱਕ ਇਨਸਾਫ ਲਈ ਜਾਨ ਤੱਕ ਵਾਰਨ ਲਈ ਜੂਝ ਜਾਣ ਦੇ ਪੂਰਨੇ ਪਾਉਂਦੇ ਹਨ । ਬਾਦਸ਼ਾਹ ਜਿਸ ਸ਼ਹੀਦੀ ਤੋਂ ਕੌਮ ਵਿੱਚ ਡਰ, ਸਹਿਮ ਜਾਂ ਖੌਫ਼ ਪੈਦਾ ਕਰਨਾ ਚਾਹੁੰਦਾ ਹੈ, ਕੌਮ ਉਸ ਵਿੱਚੋਂ ਮੌਤ ਤੋਂ ਨਿਰਭੈਤਾ ਦਾ ਸਬਕ ਸਿਖ ਰਹੀ ਹੁੰਦੀ ਹੈ । ਸਾਈਂ ਮੀਆਂ ਮੀਰ ਗੁਰੂ ਜੀ ਨਾਲ ਹੋ ਰਹੇ ਅਤਿਆਚਾਰਾਂ ਦੀ ਤਾਬ ਨਾ ਝਲਦਿਆਂ ਹੋਇਆਂ ਆਪੇ ਤੋਂ ਬਾਹਰ ਹੋ ਕੇ ਬੇਨਤੀ ਕਰਦੇ ਹਨ ਕਿ ਇਸ ਜ਼ੁਲਮ ਦੇ ਬਦਲੇ ਜੇ ਹੁਕਮ ਦਿਓ ਤਾਂ ਦਿੱਲੀ ਤੇ ਲਾਹੌਰ ਦੀ ਇੱਟ ਨਾਲ ਇੱਟ ਖੜਕਾ ਦੇਵਾਂ ਤਾਂ ਸਤਿਗੁਰ ਉਨ੍ਹਾਂ ਨੂੰ ਭਾਣਾ ਮੰਨਣ ਦਾ ਹੀ ਉਪਦੇਸ਼ ਦਿੰਦੇ ਹਨ । ਜੋ ਵਾਹਿਗੁਰੂ ਨੂੰ ਭਾਵੰਦਾ ਹੈ ਉਹੀ ਚੰਗਾ ਹੈ, ਉਸ ਵਿੱਚ ਵਿਘਨ ਪਾਉਣਾ ਉਸ ਦੇ ਭਗਤ, ਉਸ ਦੇ ਸੇਵਕ, ਉਸ ਦੇ ਉਪਾਸ਼ਕ ਜਾਂ ਉਸ ਵਿੱਚ ਸੱਚੇ ਦਿਲੋਂ ਨਿਸ਼ਚਾ ਰੱਖਣ ਵਾਲੇ ਨੂੰ ਨਹੀਂ ਸੋਭਦਾ । ਉਪਦੇਸ਼ ਤੇ ਸੰਦੇਸ਼ ਹੈ:

**ਤੇਰਾ ਕੀਆ ਮੀਠਾ ਲਾਗੈ ॥**
**ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥੨॥੪੨॥੯੩॥ ਅੰਗ ੩੯੪**

ਨਿਰਵੈਰ ਸਤਿਗੁਰੂ, ਸਵਾਮੀ ਪਤੀ ਦੀ ਆਗਿਆ ਮਿੱਠੀ ਕਰਕੇ ਮੰਨਣ ਦੀ ਤਾਕੀਦ ਕਰਦੇ ਹਨ, ਇਸੇ ਵਿੱਚ ਹੀ ਸੁੱਖ ਹੈ । ਭਾਣੇ ਨੂੰ ਮਿੱਠਾ ਕਰਕੇ ਮੰਨਣ ਲਈ ਗੁਰੂ ਹਰਿਕ੍ਰਿਸ਼ਨ ਜੀ ਨੇ ਵੀ ਨਿੱਕੀ ਜਿਹੀ 8 ਸਾਲ ਦੀ ਉਮਰ ਵਿੱਚ ਸਰੀਰ ਤਿਆਗਣ ਲੱਗਿਆਂ ਆਪਣੇ ਮਾਤਾ ਜੀ ਨੂੰ ਪ੍ਰੇਸ਼ਾਨੀ ਵਿੱਚ ਦੇਖਦਿਆਂ ਹੋਇਆਂ ਹੌਂਸਲਾ ਬੰਨ੍ਹਾਉਂਦਿਆਂ ਕਿਹਾ ਸੀ ਕਿ ਮਾਂ ਜੀ ਜਾਣਾ ਤਾਂ ਸਭ ਨੇ ਹੀ ਹੈ, ਹੁਕਮ ਨੂੰ ਖਿੜੇ ਮੱਥੇ ਸਵੀਕਾਰ ਕਰਨ ਵਿੱਚ ਅਕਾਲਪੁਰਖ ਦੀ ਖੁਸ਼ੀ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਨੇ ਵੀ ਭਾਣੇ ਨੂੰ ਮਿੱਠਾ ਕਰਕੇ ਮੰਨਿਆ । ਚਾਂਦਨੀ ਚੌਂਕ ਦਿੱਲੀ ਵਿੱਚ ਆਪਣਾ ਸਰੀਰ ਰੂਪੀ ਭਾਂਡਾ ਫੋੜ ਦਿੱਤਾ ਪਰ ਆਪਣੇ ਸਿਦਕ ਤੇ ਆਂਚ ਨਹੀਂ ਆਉਣ ਦਿੱਤੀ । ਇਸ ਅਦੁੱਤੀ ਸ਼ਹਾਦਤ ਨਾਲ ਭਾਰਤ ਅਤੇ ਮਾਨਵਤਾ ਦੇ ਇਤਿਹਾਸ ਨੇ ਇੱਕ ਐਸਾ ਮੋੜ ਲਿਆ ਕਿ ਅਜ਼ੀਮ ਮੁਗ਼ਲ ਸਰਕਾਰ ਦੇ ਸਤੰਬ ਗਿਰ ਗਏ ਅਤੇ ਉਹ ਭਾਰਤੀ ਜੋ ਮੁਗ਼ਲਾਂ ਲਈ ਭੇਡ ਬੱਕਰੀਆਂ ਤੋਂ ਵੱਧ ਦਰਜਾ ਨਹੀਂ ਸਨ ਰੱਖਦੇ, ਗੁਰੂ ਗੋਬਿੰਦ ਸਿੰਘ ਜੀ ਦੀ ਕਮਾਨ ਹੇਠ ਆ ਕੇ ਚੜ੍ਹਦੀ ਕਲਾ ਦੀਆਂ ਅਜਿਹੀਆਂ ਮੂਰਤੀਆਂ ਬਣ ਗਏ ਜਿਨ੍ਹਾਂ

ਨੇ ਔਰੰਗਜ਼ੇਬ ਨੂੰ ਉਸ ਦੇ ਤਖ਼ਤ ਤੇ ਬੈਠਿਆਂ ਜਾ ਲਲਕਾਰਿਆ ਤੇ ਸ਼ੇਰਾਂ ਨੂੰ ਉਨ੍ਹਾਂ ਦੀਆਂ ਗ਼ਾਰਾਂ ਵਿੱਚੋਂ ਕੱਢ ਕੇ ਟੁਕੜੇ ਟੁਕੜੇ ਕਰ ਵਖਾਇਆ। ਇਹ ਸਭ ਕੁਝ ਭਾਣਾ ਮੰਨਣ ਦੇ ਹੁਕਮ ਦੀ ਪਾਲਣਾ ਦਾ ਹੀ ਹਿੱਸਾ ਸੀ ਜਿਸ ਵਿੱਚ ਸਿਦਕਦਿਲੀ ਨਾਲ ਵਿਚਰਦਿਆਂ ਹੋਇਆਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣਾ ਸਾਰਾ ਸਰਬੰਸ ਵਾਰ ਦਿੱਤਾ, ਸਿੱਖ ਸੂਰਮੇ ਤੇ ਸਾਹਿਬਜ਼ਾਦੇ ਤੱਕ ਹੱਸ-ਹੱਸ ਕੇ ਕੁਰਬਾਨ ਕਰਵਾ ਦਿੱਤੇ। ਇਵੇਂ ਅਦੁੱਤੀਆਂ ਸ਼ਹਾਦਤਾਂ ਦੇ ਕੇ ਆਪਣੇ ਸਿੰਘਾਂ ਨੂੰ ਅਮਲੀ ਤੌਰ ਤੇ ਭਾਣੇ ਦੇ ਅਰਥ ਕੰਠ ਕਰਵਾਏ ਤੇ ਫਿਰ ਬੰਦਾ ਸਿੰਘ ਬਹਾਦਰ ਆਪਣੇ ਸਪੁੱਤਰ ਨੂੰ ਆਪ ਕਤਲ ਕਰਨ ਵਿੱਚ ਵੀ ਅਡੋਲ ਹੋ ਗਿਆ ਅਤੇ ਸ਼ਾਂਤ ਚਿੱਤ ਰਹਿ ਕੇ ਆਪਣੇ ਸਰੀਰ ਨੂੰ ਲੋਹੇ ਲਾਖੇ ਹੋਏ ਜੰਬੂਰਾਂ ਨਾਲ ਪੜਵਾਂਦਾ ਰਿਹਾ। ਭਾਈ ਮਨੀ ਸਿੰਘ ਦੇ ਬੰਦ-ਬੰਦ ਕੱਟੇ ਜਾਂਦੇ ਰਹੇ ਪਰ ਉਹ ਵਾਹਿਗੁਰੂ-ਵਾਹਿਗੁਰੂ ਦੀ ਧੁੰਨ ਅਲਾਪਣ ਵਿੱਚ ਹੀ ਕਰਮਸ਼ੀਲ ਰਹੇ। ਭਾਈ ਮਤੀ ਦਾਸ, ਸਤੀ ਦਾਸ, ਦਿਆਲਾ ਜੀ ਨੇ ਕਿਸੇ ਵੱਡੇ ਤੋਂ ਵੱਡੇ ਜ਼ੁਲਮ ਨੂੰ ਵੀ ਪ੍ਰਭੂ ਦੀ ਦਾਤ ਸਮਝ ਕੇ ਪ੍ਰੇਮ ਨਾਲ ਸਵੀਕਾਰਿਆ ਤੇ ਕੋਈ ਗਿਲਾ ਨਹੀਂ ਕੀਤਾ, ਅਡੋਲ ਚਿਤਤਾ ਹੀ ਵਿਖਾਈ, ਸਬਰ ਸ਼ੁਕਰ ਵਿੱਚ ਰਹਿ ਕੇ ਭਾਣਾ ਮੰਨਿਆ ਅਤੇ ਆਖਰੀ ਸਵਾਸ ਤੱਕ ਉਨ੍ਹਾਂ ਦੀ ਲਿਵ ਆਪਣੇ ਇਸ਼ਟ ਨਾਲ ਜੁੜੀ ਰਹੀ। ਸਿੱਖ ਇਤਿਹਾਸ ਦੇ ਹਰ ਪੰਨੇ ਤੇ ਭਾਣਾ ਮੰਨਣ ਅਤੇ ਇਸ ਨੂੰ ਕਮਾਉਣ ਦੀਆਂ ਸ਼ਾਨਦਾਰ ਮਿਸਾਲਾਂ ਮਿਲਦੀਆਂ ਹਨ। ਸਿੱਖ ਜਾਣਦਾ ਹੈ ਕਿ ਭਾਣਾ ਨਾ ਮੰਨਣ ਵਿੱਚ ਖਵਾਰੀ ਹੈ ਇਲਾਹੀ ਹੁਕਮ ਦੀ ਅਵੱਗਿਆ ਹੈ।

**ਤੇਰਾ ਭਾਣਾ ਸਭੁ ਕਿਛੁ ਹੋਵੈ ॥**
**ਮਨਹਠਿ ਕੀਚੈ ਅੰਤਿ ਵਿਗੋਵੈ ॥੧॥ ਰਹਾਉ ॥ ਆਸਾ(ਮਃ ੧)ਅੰਗ ੩੫੬**

ਪੁਰਖ ਵਰਗ ਹੀ ਨਹੀਂ ਸਗੋਂ ਗੁਰਸਿੱਖ ਬੀਬੀਆਂ ਵੀ ਭਾਣੇ ਨੂੰ ਉਸ ਅਕਾਲਪੁਰਖ ਦਾ ਹੁਕਮ ਮੰਨਣ ਵਿੱਚ ਸਰਬ ਸ੍ਰੇਸ਼ਠ ਸਾਬਤ ਹੋਈਆਂ। ਉਨ੍ਹਾਂ ਵੀ ਕੌਮ ਤੇ ਮਾਨਵਤਾ ਦੀ ਆਨ ਸ਼ਾਨ ਲਈ ਬਹੁਤ ਜਫ਼ਰ ਜਾਲੇ, ਜ਼ੁਲਮ ਝੱਲੇ, ਕਾਲ ਕੋਠੜੀਆਂ ਵਿੱਚ ਜਾਬਰਾਂ ਦੇ ਅਤਿਆਚਾਰ ਝੱਲਦੀਆਂ ਹੋਈਆਂ ਸਵਾ ਸਵਾ ਮਣ ਦੇ ਰੋਜ਼ ਪੀਸਣੇ ਪੀਸਦੀਆਂ ਰਹੀਆਂ, ਬਦਲੇ ਵਿੱਚ ਕਿਸੇ ਨਰਮੀ ਦੀ ਥਾਂ ਉਨ੍ਹਾਂ ਨੂੰ ਆਪਣੇ ਮਾਸੂਮ ਬੱਚਿਆਂ ਨੂੰ ਟੋਟੇ-ਟੋਟੇ ਕਰਵਾ ਕੇ ਝੋਲੀਆਂ ਵਿੱਚ ਪਵਾਉਣੇ ਪਏ ਪਰ ਮਹਾਨ ਹਨ ਮੇਰੀ ਕੌਮ ਦੀਆਂ ਸੂਰਬੀਰ ਵੀਰਾਂਗਣਾਂ ਜਿਨ੍ਹਾਂ ਨੇ ਸੀ ਤੱਕ ਨਹੀਂ ਕੀਤੀ ਤੇ ਭਾਣੇ ਵਿੱਚ ਰਹਿੰਦਿਆਂ ਹੋਇਆਂ ਸ਼ੁਕਰ-ਸ਼ੁਕਰ ਹੀ ਕਰਦੀਆਂ ਰਹੀਆਂ। ਇਹ ਭਾਣਾ ਮੰਨਣ ਦੇ ਸਿਖਰ ਦੀ ਦਾਸਤਾਨ ਹੈ ਜਿਸ ਦਾ ਅਸੀਂ ਹਰ ਰੋਜ਼ ਅਰਦਾਸ ਵਿੱਚ ਮਾਣ ਨਾਲ ਜ਼ਿਕਰ ਕਰਕੇ ਆਪਣੇ ਆਪ ਉੱਤੇ ਆਤਮਿਕ ਬਲ ਦੀ ਪਾਹ ਚੜ੍ਹਾਉਂਦੇ ਹਾਂ ਅਤੇ ਅਨਮੋਲ ਕੁਰਬਾਨੀ ਕਰਨ ਵਾਲਿਆਂ ਦੇ ਸਿਦਕ ਤੇ ਭਾਣੇ ਅੱਗੇ ਆਪਣਾ ਸਤਿਕਾਰ ਵਿਅਕਤ ਕਰਦੇ ਹਾਂ ਜਿਨ੍ਹਾਂ ਨੇ ਭਾਣੇ ਵਿੱਚ ਰਹਿ ਕੇ ਸੰਸਾਰ ਤੋਂ ਬੰਦਖਲਾਸੀ ਪ੍ਰਾਪਤ ਕੀਤੀ, ਆਵਾਗਵਣ ਦੇ ਬੰਧਨਾਂ ਤੋਂ ਨਜਾਤ ਹਾਸਲ ਕੀਤੀ ਤੇ ਰੱਬੀ ਭਾਣੇ ਵਿੱਚ ਕਿਸੇ ਪ੍ਰਕਾਰ ਦੇ ਮਲਾਲ ਜਾਂ ਪਸ਼ੇਮਾਨੀ ਦਾ ਰਲਾ ਨਹੀਂ ਪੈਣ ਦਿੱਤਾ ਅਤੇ ਭਾਣੇ

ਦੀ ਇਸ ਅਤੀ ਔਖੀ ਅਵਸਥਾ ਨੂੰ ਅਤੀ ਸਹਿਲ ਢੰਗ ਨਾਲ ਪ੍ਰਵਾਨ ਚੜ੍ਹਾ ਕੇ ਇਸ ਨੂੰ ਸ਼ਕਤੀ ਪ੍ਰਦਾਨ ਕੀਤੀ। **"ਵਰਤੈ ਸਭ ਕਿਛੁ ਤੇਰਾ ਭਾਣਾ ॥" ਮਾਝ (ਮ: ੫) – ਅੰਗ ੯੮**

ਮੌਤ ਨੂੰ ਭਾਣੇ ਦਾ ਇੱਕ ਅੰਗ ਮੰਨਣ ਦੇ ਨਾਲ-ਨਾਲ ਗੁਰਬਾਣੀ ਸਾਨੂੰ ਜੀਵਨ ਦੇ ਹਰ ਪਲ ਵਿੱਚ ਭਾਣੇ ਵਿੱਚ ਮਗਨ ਰਹਿਣ ਦੀ ਤਾਕੀਦ ਕਰਦੀ ਹੈ। ਇਸ ਅਵਸਥਾ ਨੂੰ ਗ੍ਰਹਿਣ ਕਰਨ ਵਿੱਚ ਸੁੱਖ ਹੀ ਸੁੱਖ ਹਨ। ਹਲੀਮੀ, ਤਿਆਗ, ਸਬਰ, ਸ਼ੁਕਰ, ਸੰਤੋਖ, ਇਤਮੀਨਾਨ, ਤਸੱਲੀ ਵਰਗੇ ਗੁਣ ਭਾਣਾ ਮੰਨਣ ਦੀ ਪਰਵਿਰਤੀ ਨਾਲ ਹੀ ਜੀਵਨ ਵਿੱਚ ਪ੍ਰਵੇਸ਼ ਕਰਕੇ ਆਪਣੀ ਪੱਕੀ ਥਾਂ ਬਣਾ ਸਕਦੇ ਹਨ ਜਿਸ ਨਾਲ ਹਉਮੈ ਮੁਕਦੀ ਹੈ ਤੇ ਆਪਸੀ ਪ੍ਰੇਮ ਪਿਆਰ ਤੇ ਨਿਕਟਤਾ ਵਧਦੀ ਹੈ ਅਤੇ ਕੋਈ ਬੇਗ਼ਾਨਾ ਨਹੀਂ ਦਿੱਸਦਾ। ਬੇਲੋੜਾ ਮਾਇਕ ਮੋਹ ਟੁਟਦਾ ਹੈ, ਸਹਿਜ ਅਵਸਥਾ ਦਾ ਪਸਾਰਾ ਹੁੰਦਾ ਹੈ, ਜ਼ਿੰਦਗੀ ਦੇ ਉੱਚੇ ਸੁੱਚੇ ਮਕਸਦ ਸ਼ਕਤੀ ਗ੍ਰਹਿਣ ਕਰਦੇ ਹਨ, ਮਨ ਵਿੱਚ ਕੋਮਲਤਾ, ਆਤਮਾ ਵਿੱਚ ਨਿਰਮਲਤਾ ਤੇਜਮਾਨ ਹੁੰਦੀ ਹੈ। ਦੁੱਖ-ਸੁੱਖ ਵਿੱਚ ਇੱਕ ਸਮਾਨ ਰਹਿਣ ਦੀ ਰੁਚੀ ਨੂੰ ਬਲ ਪ੍ਰਦਾਨ ਹੁੰਦਾ ਹੈ ਜਿਸ ਨਾਲ ਬੇਲੋੜੀਆਂ ਭਟਕਣਾਂ ਤੋਂ ਛੁਟਕਾਰਾ ਮਿਲਦਾ ਹੈ ਅਤੇ ਇਸ ਸੰਸਾਰ ਵਿੱਚ ਵਿਚਰਦਿਆਂ ਹੋਇਆਂ ਬੇਗ਼ਮਪੁਰੇ ਦੇ ਵਾਸੀ ਹੋਣ ਦਾ ਮਾਣ ਪ੍ਰਾਪਤ ਹੁੰਦਾ ਹੈ।

**ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ ਚਵਗਣਿ ਵੰਨੇ ॥**

**– ਗਉੜੀ ਕੀ ਵਾਰ:੧ (ਮ: ੪) – ਅੰਗ ੩੧੪**

ਬਸ ਭਾਣਾ ਮੰਨਣ ਵਾਲਿਆਂ ਦੀ ਹਰ ਪਾਸੇ ਜੈ ਜੈ ਕਾਰ ਹੈ। ਦੁੱਖਾਂ-ਸੁੱਖਾਂ ਤੋਂ ਬੇਨਿਆਜ਼ ਹੋ ਜਾਣ ਵਾਲਾ ਹੀ ਸਚਿਆਰੇ ਦਾ ਭੇਦ ਪਾ ਕੇ ਉਸ ਦਾ ਅੰਗੀ ਸੰਗੀ ਬਣ ਸਕਦਾ ਹੈ। ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਵਿੱਚ ਇਸ ਗੱਲ ਨੂੰ ਬੜੇ ਖੁੱਲ੍ਹੇ ਰੂਪ ਵਿੱਚ ਸਪੱਸ਼ਟ ਕਰ ਦਿੰਦੇ ਹਨ ਜੱਦ ਪਹਿਲੇ ਆਪ ਹੀ ਸਵਾਲ ਕਰਦੇ ਹਨ ਤੇ ਫਿਰ ਆਪ ਹੀ ਉੱਤਰ ਫਰਮਾਉਂਦੇ ਹਨ। ਬਚਨ ਹਨ :

'**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥**' ?

ਜਵਾਬ ਵਿੱਚ ਹੁਕਮ ਕਰਦੇ ਹਨ :

**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥ ਜਪੁ (ਮ: ੧) – ਅੰਗ ੧**

ਜਪੁਜੀ ਸਾਹਿਬ ਵਿੱਚ ਭਾਣਾ ਮੰਨਣ ਦੀ ਸਿਖ਼ਰ ਦਾ ਵਰਤਣ ਵੀ ਮਿਲਦਾ ਹੈ, ਹੁਕਮ ਹੈ ਜੇ ਬਖਸ਼ਿਸ਼ਾਂ, ਰਹਿਮਤਾਂ ਤੇ ਨਹਿਮਤਾਂ ਦੀ ਦਾਤ ਦੀ ਥਾਂ ਗੁਰੂ ਦੇ ਸਿੱਖ ਨੂੰ ਦੁੱਖ ਮਿਲੇ, ਭੁੱਖ ਮਿਲੇ ਹੋਰ ਮਾਰਾਂ ਵੀ ਪੈਣ ਤਾਂ ਵੀ ਉਸ ਨੇ ਮਲਾਲ ਨਹੀਂ ਕਰਨਾ, ਗ਼ਿਲਾ ਨਹੀਂ ਕਰਨਾ, ਰੋਸ਼ ਨਹੀਂ ਪ੍ਰਗਟਾਉਣਾ, ਹੀਲ ਹੁਜਤ ਨਹੀਂ ਕਰਨੀ, ਰੁਦਨ ਨਹੀਂ ਕਰਨਾ, ਭਾਣੇ ਦੀ ਪ੍ਰਤੀਤ ਨੂੰ ਤੇ ਉਸ ਦੀ ਆਭਾ ਨੂੰ ਕਮਜ਼ੋਰ ਨਹੀਂ ਹੋਣ ਦੇਣਾ ਸਗੋਂ ਇਹ ਸਾਰੀਆਂ ਦੁੱਖ ਤਕਲੀਫਾਂ ਵੀ ਉਸ ਪ੍ਰਮਾਤਮਾ ਦੀ ਦਾਤ ਵਜੋਂ ਸਵੀਕਾਰ ਕਰਕੇ ਉਸ ਦਾ ਧੰਨਵਾਦ ਕਰਨਾ ਹੈ। ਹੁਕਮ ਹੈ :

**ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥**
**– ਜਪੁ (ਮਃ ੧) – ਅੰਗ ੫**

ਇਸ ਤਰ੍ਹਾਂ ਭਾਣਾ ਮੰਨਣਾ ਆਪਣੇ ਆਪ ਨੂੰ ਪ੍ਰਮਾਤਮਾ ਦੀ ਸਰਬ ਸਰੇਸ਼ਠ ਹਸਤੀ ਅੱਗੇ ਬਿਨਾਂ ਸ਼ਰਤ ਸਮਰਪਤ ਕਰਨ ਦਾ ਅਮਲ ਹੈ ਜੋ ਕੁਝ ਇਸ ਤਰ੍ਹਾਂ ਦੀ ਹੀ ਗੱਲ ਹੈ :

**ਮਿਟਾ ਦੇ ਅਪਣੀ ਹਸਤੀ ਕੋ ਅਗਰ ਤੂ ਮਰਤਬਾ ਚਾਹੇ,**
**ਕਿ ਦਾਨਾ ਖਾਕ ਮੇਂ ਮਿਲ ਕਰ ਗੁਲਿ-ਗੁਲਜ਼ਾਰ ਹੋਤਾ ਹੈ ।**

ਭਗਤ ਨਾਮ ਦੇਵ ਜੀ ਦਾ ਵੀ ਇਸ ਪਰਥਾਏ ਉਪਦੇਸ਼ ਹੈ :

**ਮੇਰਾ ਕੀਆ ਕਛੂ ਨ ਹੋਇ ॥ ਕਰਿ ਹੈ ਰਾਮੁ ਹੋਇ ਹੈ ਸੋਇ ॥੪॥**
**– ਭੈਰਉ (ਭ. ਨਾਮਦੇਵ) – ਅੰਗ ੧੧੬੫**

ਤੇ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਭਗਤ ਦੀ ਇਸ ਭਾਵਨਾ ਨੂੰ ਕਿਹੇ ਸੁਹਣੇ ਫਲ ਲੱਗੇ ਕਿ ਸਵਾਮੀ ਪ੍ਰਭੂ ਨੇ ਆਪਣੇ ਭਗਤ ਦੀ ਭਾਣਾ ਮੰਨਣ ਦੀ ਉਪਾਸ਼ਨਾ ਦੀ ਕਦਰ ਕਰਦਿਆਂ ਹੋਇਆਂ ਮੁਰਦਾ ਗਊ ਜ਼ਿੰਦਾ ਕਰਕੇ ਭਗਤ ਦੀ ਹਰ ਪਾਸੇ ਜੈ-ਜੈ ਕਾਰ ਕਰਵਾ ਦਿੱਤੀ ।

ਇਹ ਭਾਣਾ ਮੰਨਣਾ ਦਰਅਸਲ ਆਪਾ ਭਾਵ ਨੂੰ ਮਿਟਾਉਣਾ ਹੈ । ਆਪਣੀ ਖੁਦੀ ਨੂੰ, ਹਉਮੈ ਨੂੰ, ਬਖੀਲੀ ਦੀ ਭਾਵਨਾ ਨੂੰ, ਦਵੈਤ ਦੇ ਸ਼ੰਕੇ ਨੂੰ ਨੇਸਤੋ-ਨਾਬੂਦ (ਖਤਮ) ਕਰਨਾ ਹੈ । ਅਜਿਹੇ ਅਭਿਲਾਸ਼ੀ ਤੋਂ ਫਿਰ ਵਾਹਿਗੁਰੂ ਵੀ ਵਾਰਨੇ ਜਾਂਦਾ ਹੈ ।

**ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ ॥**
**ਜਿਨ ਗੁਰ ਕਾ ਭਾਣਾ ਮੰਨਿਆ ਤਿਨ ਘੁਮਿ ਘੁਮਿ ਜਾਏ ॥੨॥**
**– ਤਿਲੰਗ (ਮਃ ੪) – ਅੰਗ ੭੨੫**

ਜਿਨ੍ਹਾਂ ਨੇ ਭਾਣੇ ਨੂੰ ਗ੍ਰਹਿਣ ਕਰ ਲਿਆ ਉਨ੍ਹਾਂ ਨੂੰ ਇਸ ਵਿੱਚੋਂ ਵੀ ਆਨੰਦ ਪ੍ਰਾਪਤ ਹੋਣ ਲੱਗ ਪੈਂਦਾ ਹੈ ਤੇ ਭਰਮ ਵਹਿਮ ਨਾਸ ਹੋ ਜਾਂਦੇ ਹਨ ।

**ਜਿਨਾ ਭਾਣੇ ਕਾ ਰਸੁ ਆਇਆ ॥ ਤਿਨ ਵਿਚਹੁ ਭਰਮੁ ਚੁਕਾਇਆ ॥**
**– ਸਿਰੀਰਾਗੁ (ਮਃ ੧) – ਅੰਗ ੭੨**

ਫਿਰ ਉਨ੍ਹਾਂ ਨੂੰ ਭਾਣੇ ਤੋਂ ਵਧੀਆ ਹੋਰ ਕੋਈ ਵੀ ਦਾਤ ਨਹੀਂ ਪਹੁੰਦੀ ।

**ਭਾਣੈ ਹੁਕਮੁ ਮਨਾਇਓਨੁ ਭਾਣੈ ਸੁਖੁ ਪਾਇਆ ॥**
**ਭਾਣੈ ਸਤਿਗੁਰੁ ਮੇਲਿਓਨੁ ਭਾਣੈ ਸਚੁ ਧਿਆਇਆ ॥**
**ਭਾਣੇ ਜੇਵਡ ਹੋਰ ਦਾਤਿ ਨਾਹੀ ਸਚੁ ਆਖਿ ਸੁਣਾਇਆ ॥**
**– ਮਾਰੂ ਵਾਰ:੧ (ਮਃ ੩) – ਅੰਗ ੧੦੯੩**

ਜਿਹੜੇ ਇਹ ਭਾਣਾ ਮੰਨਣ ਤੋਂ ਚੁੱਕ ਜਾਂਦੇ ਹਨ ਉਹ ਪ੍ਰਵਾਨ ਨਹੀਂ ਚੜ੍ਹਦੇ ਤੇ ਵਣ ਦੇ ਭਾਗੀ ਬਣੇ ਰਹਿੰਦੇ ਹਨ। ਉਹ ਉਸ ਕਸਵਟੀ ਅਨੁਸਾਰ ਪ੍ਰਵਾਨ ਤੇ ਪੱਕੇ ਹੋਏ ਨਾ ਹੋ ਕੇ ਕੱਚੇ ਪਿਲੇ ਸਾਬਤ ਹੁੰਦੇ ਹਨ ਅਤੇ ਕੱਚੇ ਪਿਲੇ ਉਸ ਦੇ ਦਰਬਾਰ ਵਿੱਚ ਰਸਾਈ ਕਿਵੇਂ ਪ੍ਰਾਪਤ ਕਰ ਸਕਦੇ ਹਨ ? ਸੱਚੇ ਦੇ ਦਰਬਾਰ ਵਿੱਚ ਤਾਂ ਖਰੇ ਤੇ ਸੁੱਚੇ ਹੀ ਮਾਣ ਵਾਲਾ ਸਥਾਨ ਪ੍ਰਾਪਤ ਕਰਦੇ ਹਨ, ਕੱਚੇ ਪਿਲਿਆਂ ਦੀ ਉੱਥੇ ਰਸਾਈ ਸੰਭਵ ਨਹੀਂ :

**ਨਾਨਕ ਹਰਿ ਕਾ ਭਾਣਾ ਮੰਨੇ ਸੋ ਭਗਤੁ ਹੋਇ ਵਿਣੁ ਮੰਨੇ ਕਚੁ ਨਿਕਚੁ ॥੧॥**

**ਰਾਮਕਲੀ ਕੀ ਵਾਰ:੧ (ਮ: ੩ – ਅੰਗ ੯੫੦**

ਗੁਰੂ ਦੇ ਭਾਣੇ ਮੰਨਣ ਵਾਲੇ ਦੀ ਹੀ ਮਹਿਮਾ ਹੈ ਅਤੇ ਆਪਣੀ ਮਤ ਤੇ ਚੱਲਣ ਵਾਲੇ ਨੂੰ ਮਿਲਾਪ ਨਸੀਬ ਨਹੀਂ ਹੁੰਦਾ ਅਤੇ ਵਿਛੋੜੇ ਦੀਆਂ ਚੋਟਾਂ ਹੀ ਉਸ ਦੇ ਪੱਲੇ ਪੈਂਦੀਆਂ ਹਨ।

**ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥**
**ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥ ਫਿਰਿ ਪਛੋਤਾਵੈ ॥੧॥**

**– ਸੋਰਠਿ (ਮ: ੩) – ਅੰਗ ੬੦੧**

ਭਾਣੇ ਸੰਬੰਧੀ ਇਤਨੇ ਸਪੱਸ਼ਟ ਆਦੇਸ਼ਾਂ ਦੇ ਹੁੰਦਿਆਂ ਹੋਇਆਂ ਇਸ ਦੇ ਵਿਪਰੀਤ ਕਾਰਵਾਈ ਕਰਨ ਦੀ ਗੁੰਜਾਇਸ਼ ਨਹੀਂ ਰਹਿਣੀ ਚਾਹੀਦੀ। ਇਹ ਗੁਰੂ ਦਾ ਹੁਕਮ ਹੈ ਇਸ ਲਈ ਹਰ ਸਿੱਖ ਨੂੰ ਖਿੜੇ ਮੱਥੇ ਪ੍ਰਵਾਨ ਹੋਣਾ ਚਾਹੀਦਾ ਹੈ। ਗੁਰੂ ਆਪਣੇ ਭਗਤਾਂ ਦੇ ਹਿਤ ਦੀ ਹੀ ਸੋਚਦਾ ਹੈ ਇਸ ਲਈ ਸਾਨੂੰ ਆਪਣੀ ਅਕਲ ਨੂੰ ਲਾਂਭੇ ਰੱਖ ਕੇ ਗੁਰੂ ਦੀ ਮੱਤ ਤੇ ਚੱਲਣਾ ਚਾਹੀਦਾ ਹੈ, ਇਹ ਖੁਸ਼ੀ ਦੀ ਗੱਲ ਹੈ ਤੇ ਭਾਣਾ ਮੰਨਣ ਦਾ ਇੱਕ ਬਹੁਮੁਲਾ ਕਰਮ ਵੀ ਹੈ, ਨਹੀਂ ਤਾਂ ਅਸੀਂ ਬਾਣੀ ਰੂਪ ਗੁਰੂ ਦੇ ਸਹੀ ਸਿੱਖ ਨਹੀਂ ਅਖਵਾ ਸਕਾਂਗੇ ਤੇ ਸਾਡੇ ਆਪ ਹੁਦਰੇ ਵਿਹਾਰ ਨੂੰ ਦੇਖਦਿਆਂ ਹੋਇਆਂ ਸਾਡੇ ਤੇ ਯੋਗ ਆਵਾਜ਼ੇ ਕੱਸੇ ਜਾਂ ਸਕਦੇ ਹਨ ਕਿ :

**ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥**
**ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥**

**ਸਿਰੀਰਾਗੁ ਕੀ ਵਾਰ (ਮ: ੧) – ਅੰਗ ੮੫**

ਇਸ ਕਿਸਮ ਦੀ ਚਤਰਾਈ ਨਾਲ ਗੱਲ ਬਿਲਕੁਲ ਨਹੀਂ ਬਣਨੀ, ਦੁੱਖ ਹੀ ਪੱਲੇ ਪੈਣੇ ਹਨ। ਹੁਕਮ ਹੈ:

**ਮਨਮੁਖੁ ਅੰਧੁ ਕਰੇ ਚਤੁਰਾਈ ॥ ਭਾਣਾ ਨ ਮੰਨੇ ਬਹੁਤੁ ਦੁਖੁ ਪਾਈ ॥**

**– ਮਾਰੂ ਸੋਲਹੇ (ਮ: ੩) – ਅੰਗ ੧੦੬੪**

ਇਸ ਲਈ ਜੇ ਸਾਰੇ ਦੁੱਖਾਂ ਦਾ ਨਿਵਾਰਣ ਕਰਨਾ ਹੈ ਤਾਂ ਗੁਰੂ ਦੇ ਭਾਣੇ ਨੂੰ ਸਵੀਕਾਰ ਕਰਨਾ ਜ਼ਰੂਰੀ ਹੈ :

**ਗੁਰ ਕੈ ਭਾਣੈ ਜੋ ਚਲੈ ਸਭਿ ਦੁਖ ਨਿਵਾਰਣਹਾਰਿ ॥**

**ਸਿਰੀਰਾਗੁ ਕੀ ਵਾਰ (ਮ: ੩) – ਅੰਗ ੮੯**

ਇਸ ਲਈ ਆਓ ਭਾਣੇ ਤੋਂ ਕੁਰਬਾਨ ਹੋਣ ਦੀ ਵਲਗਤ ਸਿਖੀਏ ਤੇ ਸਦੀਵ ਸੁੱਖ ਪਾਈਏ ।

**ਜੋ ਤੁਧੁ ਭਾਵੈ ਸੋ ਪਰਵਾਣੁ॥੧॥ ਰਹਾਉ ॥ਸੂਹੀ (ਮ: ੫) - ਅੰਗ ੭੪੭**

**ਤੇਰੇ ਭਾਣੇ ਨੋ ਕੁਰਬਾਣੁ ॥ ਧਨਾਸਰੀ (ਮ: ੫) - ਅੰਗ ੬੭੬**

**ਧੰਨਵਾਦ ਸਾਹਿਤ ਵਿਚੋਂ :- ਗੁਰਬਾਣੀ ਸੰਕਲਪ**

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੁਝ ਤੱਥ

| | | |
|---|---|---|
| ਕੁੱਲ ਪੰਨੇ | - | ੧੪੩੦ |
| ਕੁੱਲ ਮਹਾਂ ਪੁਰਖਾਂ ਦੀ ਬਾਣੀ | - | ੩੬ |
| ਮੁੱਖ ਰਾਗ | - | ੩੧ |
| ਵਾਰਾਂ | - | ੨੨ |
| ਧੁਨੀਆਂ | - | ੯ |

<u>ਗੁਰਬਾਣੀ ਦੇ ਰਚਨਹਾਰਾਂ ਦਾ ਵੇਰਵਾ</u>

ਗੁਰਬਾਣੀ ਦੇ ਰਚਨਹਾਰ

ਗੁਰੂ ਸਾਹਿਬਾਨ -6 , ਭਗਤ -15, ਗੁਰਸਿੱਖ -4, ਭੱਟ -11

| | |
|---|---|
| ਰਚਨਹਾਰ......1 | <u>6 ਗੁਰੂ ਸਾਹਿਬਾਨ</u> |
| ਸ੍ਰੀ ਗੁਰੂ ਨਾਨਕ ਦੇਵ ਜੀ | (ਮਹਲਾ- ੧) |
| ਸ੍ਰੀ ਗੁਰੂ ਅੰਗਦ ਦੇਵ ਜੀ | (ਮਹਲਾ- ੨) |
| ਸ੍ਰੀ ਗੁਰੂ ਅਮਰਦਾਸ ਜੀ | (ਮਹਲਾ- ੩) |
| ਸ੍ਰੀ ਗੁਰੂ ਰਾਮਦਾਸ ਜੀ | (ਮਹਲਾ- ੪) |
| ਸ੍ਰੀ ਗੁਰੂ ਅਰਜਨ ਦੇਵ ਜੀ | (ਮਹਲਾ- ੫) |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | (ਮਹਲਾ- ੯) |
| ਰਚਨਹਾਰ......2 | <u>15 ਭਗਤ</u> |

ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ, ਭਗਤ ਰਾਮਾ ਨੰਦ ਜੀ, ਭਗਤ ਜੈਦੇਵ ਜੀ, ਭਗਤ ਤ੍ਰਿਲੋਚਨ ਜੀ, ਭਗਤ ਧੰਨਾ ਜੀ, ਭਗਤ ਸੈਣ ਜੀ, ਭਗਤ ਪੀਪਾ ਜੀ, ਭਗਤ ਭੀਖਨ ਜੀ, ਭਗਤ ਸਧਨਾ ਜੀ, ਭਗਤ ਪਰਮਾਨੰਦ ਜੀ, ਭਗਤ ਸੂਰਦਾਸ ਜੀ, ਭਗਤ ਬੇਣੀ ਜੀ, ਸ਼ੇਖ਼ ਫਰੀਦ ਜੀ ।

ਰਚਨਹਾਰ......3 | 4 ਗੁਰਸਿੱਖ

* ਬਾਬਾ ਸੁੰਦਰ ਜੀ
* ਭਾਈ ਬਲਵੰਡ ਜੀ

* ਭਾਈ ਸੱਤਾ ਜੀਵ
* ਭਾਈ ਮਰਦਾਨਾ ਜੀ

ਰਚਨਹਾਰ......4 | 11 ਭੱਟ

* ਕਲਸਹਾਰ ਜੀ
* ਜਾਲਪ ਜੀ
* ਕੀਰਤ ਜੀ
* ਭਿੱਖਾ ਜੀ
* ਸਲ੍ਹ ਜੀ
* ਭਲ੍ਹ ਜੀ
* ਨਲ੍ਹ ਜੀ
* ਗਯੰਦ ਜੀ
* ਮਥੁਰਾ ਜੀ
* ਬਲ੍ਹ ਜੀ
* ਹਰਿਬੰਸ ਜੀ

## ਬਾਣੀ ਦੀ ਤਰਤੀਬ

ਨਿਤਨੇਮ ਵਿੱਚ ਸ਼ਾਮਲ ਬਾਣੀਆਂ : ਮੂਲ ਮੰਤਰ, ਜਪੁ (1 ਸਲੋਕ, 38 ਪਉੜੀਆਂ, ਸਲੋਕ) ਸੋਦਰੁ (5 ਸ਼ਬਦ) ਸੋ ਪੁਰਖੁ (4 ਸ਼ਬਦ) ਸੋਹਿਲਾ (5 ਸ਼ਬਦ)

ਰਾਗ ਬੱਧ ਬਾਣੀ : ਰਾਗਾਂ ਵਿੱਚ ਬਾਣੀ (31 ਰਾਗ)

ਰਾਗ ਮੁਕਤ ਬਾਣੀਆਂ : ਸਲੋਕ ਸਹਸਕ੍ਰਿਤੀ ਮਹਲਾ੧, (ਪੰਨਾ: ੧੩੫੩)

ਸਲੋਕ ਸਹਸਕ੍ਰਿਤੀ ਮਹਲਾ੫, (ਪੰਨਾ:੧੩੫੩)
ਗਾਥਾ ਮਹਲਾ ੫, (ਪੰਨਾ: ੧੩੬੦)
ਫੁਨਹੇ ਮਹਲਾ ੫ (ਪੰਨਾ: ੧੩੬੧)
ਚਉਬੋਲੇ ਮਹਲਾ ੫ (ਪੰਨਾ: ੧੩੬੩)
ਸਲੋਕ ਭਗਤ ਕਬੀਰ ਜੀ (ਪੰਨਾ: ੧੩੬੪)
ਸਲੋਕ ਸ਼ੇਖ ਫਰੀਦ ਜੀ (ਪੰਨਾ: ੧੩੭੭)
ਸਵੱਈਏ ਸ੍ਰੀ ਮੁੱਖ ਵਾਕ (ਪੰਨਾ: ੧੩੮੫)
ਭੱਟਾਂ ਦੇ ਸਵਈਏ (ਪੰਨਾ: ੧੩੪੯)
ਸਲੋਕ ਵਾਰਾਂ ਤੇ ਵਧੀਕ (ਪੰਨਾ: ੧੪੦੯)
ਸਲੋਕ ਮਹਲਾ ੯ (ਪੰਨਾ: ੧੪੨੯)
ਸਲੋਕ ਮਹਲਾ ੫ (ਪੰਨਾ: ੧੪੨੯)
ਮੁੰਦਾਵਣੀ ਅਤੇ ਰਾਗ ਮਾਲਾ(ਪੰਨਾ: ੧੪੨੯)

**ਰਾਗਾਂ ਵਿੱਚ ਬਾਣੀ ਦੀ ਤਰਤੀਬ** * ਸ਼ਬਦ * ਅਸ਼ਟਪਦੀਆਂ * ਛੰਤ * ਵਾਰਾਂ

**ਭਗਤਾਂ ਦੇ ਸ਼ਬਦ–**

ਇਨ੍ਹਾਂ ਤੋਂ ਇਲਾਵਾ ਕਿਤੇ-ਕਿਤੇ ਘੋੜੀਆਂ, ਕਾਫੀਆਂ, ਪਟੀ, ਬਾਵਨ ਅਖਰੀ ਆਦਿ ਕਾਵਿ ਰੂਪ ਵੀ ਮਿਲਦੇ ਹਨ।

ਮਿਲਵੇਂ ਰਾਗ

ਕਈ ਸ਼ਬਦ ਦੋ-ਦੋ ਮਿਲਵੇਂ ਰਾਗਾਂ ਵਿੱਚ ਹਨ ।

ਦੋ-ਦੋ ਮਿਲਵੇਂ ਰਾਗ ਹੇਠ ਲਿਖੇ ਅਨੁਸਾਰ ਮਿਲਦੇ ਹਨ :

1. ਗਉੜੀ ਮਾਝ
2. ਆਸਾ ਕਾਫੀ
3. ਤਿਲੰਗ ਕਾਫੀ
4. ਸੂਹੀ ਕਾਫੀ

5. ਸੂਹੀ ਲਲਿਤ 6. ਬਿਲਾਵਲ ਗੌਂਡ

7. ਮਾਰੂ ਕਾਫੀ 8. ਬਸੰਤ ਹਿੰਡੋਲ

9. ਕਲਿਆਣ ਭੋਪਾਲੀ 10. ਪ੍ਰਭਾਤੀ ਬਿਭਾਸ

11. ਆਸਾ (ਆਸਾਵਰੀ)

ਇਸ ਤਰ੍ਹਾਂ 31 ਮੁੱਖ ਰਾਗਾਂ ਤੋਂ ਇਲਾਵਾ ਹੇਠ ਲਿਖੇ 6 ਰਾਗ ਹੋਰ ਵਰਤੇ ਗਏ ਹਨ। ਜਿਵੇਂ : ਲਲਿਤ, ਆਸਾਵਰੀ, ਹਿੰਡੋਲ, ਭੋਪਾਲੀ, ਬਿਭਾਸ, ਕਾਫੀ।

ਕਈ ਰਾਗਾਂ ਦੀਆਂ ਅੱਗੋਂ ਕਈ ਕਿਸਮਾਂ ਵੀ ਮਿਲਦੀਆਂ ਜਿਵੇਂ : ਰਾਗ ਗਉੜੀ ਦੀਆਂ ਕਿਸਮਾਂ : ਗੁਆਰੇਰੀ, ਚੇਤੀ, ਬੈਰਾਗਣਿ, ਪੂਰਬੀ ਮਾਲਵਾ, ਦੱਖਣੀ ਆਦਿ ਹਨ।

## ਧੁਨੀਆਂ

ਧੁਨੀਆਂ ਤੋਂ ਭਾਵ ਹੈ ਵਾਰਾਂ ਨੂੰ ਗਾਉਣ ਦਾ ਢੰਗ।

ਇਹ ਧੁਨੀਆਂ ਇਸ ਪ੍ਰਕਾਰ ਹਨ :

1. ਰਾਇ ਕਮਾਲ ਦੀ ਮੌਜ ਦੀ ਵਾਰ ਦੀ ਧੁਨੀ – ਗਉੜੀ ਮ: ੫
2. ਟੁੰਡੇ ਅਸਰਾਜੇ ਦੀ ਵਾਰ ਦੀ ਧੁਨੀ – ਆਸਾ ਮ: ੧
3. ਲੱਲਾ ਬਹਿਲੀਮਾ ਦੀ ਵਾਰ ਦੀ ਧੁਨੀ – ਵਡਹੰਸ ਮ:੪
4. ਸਿਕੰਦਰ ਇਬਰਾਹੀਮ ਦੀ ਵਾਰ ਦੀ ਧੁਨੀ – ਗੂਜਰੀ ਮ: ੩
5. ਹਸਤੇ ਮਹਿਮੇ ਦੀ ਵਾਰ ਦੀ ਧੁਨੀ – ਸਾਰੰਗ ਮ: ੪
6. ਮੂਸੇ ਦੀ ਵਾਰ ਦੀ ਧੁਨੀ – ਕਾਨੜੇ ਮ: ੪
7. ਮਲਕ ਮੁਰੀਦ ਤਥਾ ਚੰਦਰਹੜਾ ਸੂਹੀਆ ਦੀ ਵਾਰ ਦੀ ਧੁਨੀ –ਝ ਦੀ ਵਾਰ ਮ: ੧
8. ਯੋਧੇ ਵੀਰੇ ਦੀ ਵਾਰ ਦੀ ਧੁਨੀ – ਰਾਮਕਲੀ ਮ: ੩
9. ਰਾਣਾ ਕੈਲਾਸ਼ਦੇਵ ਅਤੇ ਮਾਲ ਦੇਵ ਦੀ ਵਾਰ ਦੀ ਧੁਨੀ – ਮਲਾਰ ਮ: ੧

## ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦਿਆਂ ਥਾਂ-ਥਾਂ ਤੇ ਸਾਨੂੰ ਹਿੰਦਸੇ (ਅੰਕ) ਦਿੱਸਦੇ ਹਨ। ਇਹਨਾਂ ਅੰਕਾਂ ਜਾਂ ਹਿੰਦਸਿਆਂ ਦੀ ਕੀ ਮਹੱਤਤਾ ਹੈ ?

ਅੰਕਾਂ ਦੀ ਲੋੜ ਤੇ ਮਨੋਰਥ : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਇਹਨਾਂ ਅੰਕਾਂ ਦੀ ਲੋੜ ਕਿਉਂ ਪਈ ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਕ ਗੁਰੂ ਅਰਜਨ ਦੇਵ ਜੀ ਨੇ ਆਉਣ ਵਾਲੇ ਸਮੇਂ ਵਿੱਚ ਗੁਰਬਾਣੀ ਬਾਰੇ ਪੈਣ ਵਾਲੇ ਸ਼ੰਕਿਆਂ ਦੀ ਪਹਿਲਾਂ ਹੀ ਨਵਿਰਤੀ ਕਰ ਦਿੱਤੀ ਹੈ। ਹਰ ਸ਼ਬਦ ਦੇ ਉੱਤੇ 'ਮਹਲਾ' ਲਿੱਖ ਕੇ ਰਚਨਹਾਰੇ ਦਾ ਸੰਕੇਤ ਦੇ ਦਿੱਤਾ ਹੈ ਅਤੇ ਹਰ ਸ਼ਬਦ ਦੇ ਅੰਤ ਤੇ ਅੰਕ ਲਿੱਖ ਕੇ ਉਹਨਾਂ ਸ਼ਬਦਾਂ ਅਤੇ ਸ਼ਬਦਾਂ ਵਿੱਚ

ਆਏ ਬੰਦਾਂ ਦੀ ਗਿਣਤੀ ਦੱਸੀ ਹੈ । ਇੰਝ ਗੁਰਬਾਣੀ ਵਿੱਚ ਰਲਾ ਕਰਨ ਵਾਲੇ ਨੂੰ ਸਾਰੇ ਅੰਕ ਵੀ ਬਦਲਣੇ ਪੈਣਗੇ ਜੋ ਕਿ ਸੁਖਾਲਾ ਕਾਰਜ ਨਹੀਂ । ਇੰਝ ਅੰਕਾਂ ਦੇ ਲਿਖਣ ਨਾਲ ਗੁਰਬਾਣੀ ਵਿੱਚ ਮਿਲਾਵਟ ਕਰਨ ਦੇ ਆਧਾਰ ਵੀ ਸਮਾਪਤ ਕਰ ਦਿੱਤੇ ਹਨ ।

ਵਾਰਾਂ :

ਗੁਰੂ ਗ੍ਰੰਥ ਸਾਹਿਬ ਵਿੱਚ ਕੁਲ 22 ਵਾਰਾਂ ਹਨ । (ਰਾਗ)

1. ਗੁਰੂ ਨਾਨਕ ਦੇਵ ਜੀ 3 ਵਾਰਾਂ (ਮਾਝ, ਆਸਾ, ਮਲਾਰ)
2. ਗੁਰੂ ਅਮਰਦਾਸ ਜੀ 4 ਵਾਰਾਂ (ਗੂਜਰੀ, ਸੂਹੀ, ਰਾਮਕਲੀ, ਮਾਰੂ)
3. ਗੁਰੂ ਰਾਮਦਾਸ ਜੀ 8 ਵਾਰਾਂ (ਸਿਰੀ ਰਾਗ, ਗਉੜੀ, ਬਿਹਾਗੜਾ, ਵੰਡਹੰਸ, ਸੋਰਠਿ, ਬਿਲਾਵਲ, ਸਾਰੰਗ, ਕਾਨੜਾ)
4. ਗੁਰੂ ਅਰਜਨ ਦੇਵ ਜੀ 6 ਵਾਰਾਂ (ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ, ਬਸੰਤ)

ਸੱਤੇ ਬਲਵੰਡ ਦੀ ਵਾਰ ਅਤੇ ਬਸੰਤ ਦੀ ਵਾਰ ਤੋਂ ਇਲਾਵਾ ਬਾਕੀ ਹਰੇਕ ਵਾਰ ਦੀਆਂ ਪਉੜੀਆਂ ਦੇ ਨਾਲ ਪਹਿਲੇ ਪੰਜ ਗੁਰੂ ਸਾਹਿਬਾਨ ਦੇ ਸਲੋਕ ਵੀ ਦਰਜ ਹਨ ।

## ਚੋਣਵੀਆਂ ਬਾਣੀਆਂ ਅਤੇ ਰਚਨਹਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਚੋਣਵੀਆਂ ਬਾਣੀਆਂ ਅਤੇ ਉਹਨਾਂ ਦੇ ਰਚਨਹਾਰਾਂ ਦਾ ਵੇਰਵਾ ਇਸ ਪ੍ਰਕਾਰ ਹੈ :

| ਬਾਣੀਆਂ | ਰਚਨਹਾਰ |
|---|---|
| 1. ਜਪੁਜੀ ਸਾਹਿਬ | – ਗੁਰੂ ਨਾਨਕ ਦੇਵ ਜੀ |
| 2. ਪੱਟੀ | – ਗੁਰੂ ਨਾਨਕ ਦੇਵ ਜੀ |
| 3. ਓਅੰਕਾਰ | – ਗੁਰੂ ਨਾਨਕ ਦੇਵ ਜੀ |
| 4. ਸਿਧ ਗੋਸ਼ਟਿ | – ਗੁਰੂ ਨਾਨਕ ਦੇਵ ਜੀ |
| 5. ਬਾਰਹਮਾਹ (ਰਾਗ ਤੁਖਾਰੀ) | – ਗੁਰੂ ਨਾਨਕ ਦੇਵ ਜੀ |
| 6. ਅਨੰਦ ਸਾਹਿਬ | – ਗੁਰੂ ਅਮਰਦਾਸ ਜੀ |
| 7. ਸੁਖਮਨੀ ਸਾਹਿਬ | – ਗੁਰੂ ਅਰਜਨ ਦੇਵ ਜੀ |
| 8. ਬਾਵਨ ਅੱਖਰੀ | – ਗੁਰੂ ਅਰਜਨ ਦੇਵ ਜੀ |
| 9. ਬਾਰਹਮਾਹ (ਰਾਗ ਮਾਝ) | – ਗੁਰੂ ਅਰਜਨ ਦੇਵ ਜੀ |
| 10. ਬਾਵਨ ਅੱਖਰੀ (ਰਾਗ ਗਉੜੀ) | – ਭਗਤ ਕਬੀਰ ਜੀ |

ਧੰਨਵਾਦ ਸਾਹਿਤ ਵਿਚੋਂ :– ਧਰਮ ਸਿੱਖਿਆ (ਭਾਗ ਤੀਜਾ)

## ਗਤੀਵਿਧਿਆਂ:-

**ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ :-**

ਮਿਤੀ 14-6-2021 ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਵਾਲੇ ਦਿਨ ਸਵੇਰੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਇਸਤਰੀ ਸਤਿਸੰਗ ਸਭਾ ਵਾਲੀਆ ਬੀਬੀਆਂ ਵਲੋਂ ਕੀਤੇ ਗਏ ਉਪ੍ਰੰਤ ਭਾਈ ਹਰਵੀਰ ਸਿੰਘ ਵਾਇਸ ਪ੍ਰਿੰਸੀਪਲ ਨੇ ਗੁਰਮਤਿ ਵਿਚਾਰਾ ਦੀ ਸਾਂਝ ਪਾਈ ਉਪ੍ਰੰਤ ਚਾਹ ਦੇ ਲੰਗਰ ਵਰਤਾਏ ਗਏ।

**ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਆਨ ਲਾਇਨ**

**ਗੁਰਮਤਿ ਸਮਰ ਕੈਂਪ:-**

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਚੰਡੀਗੜ ਵਲੋਂ 24-05-2021 ਤੋਂ 12-6-2021 ਤੱਕ ਬਾਲ ਫੁਲਵਾੜੀ ਮੋਹਾਲੀ ਵਲੋਂ 3 ਸਾਲ ਤੋਂ 12 ਸਾਲ ਦੇ ਬੱਚਿਆਂ ਲਈ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਸਮਰ ਕੈਂਪ ਦਾ ਆਯੋਜਨ ਕਰਵਾਇਆ ਗਿਆ । ਬਾਲ ਫੁਲਵਾੜੀ ਦੇ ਅਧਿਆਪਕ ਸਾਹਿਬਾਨਾ ਬੀਬੀ ਰਮੀਤ ਕੌਰ , ਬੀਬੀ ਜਗਮੋਹਣ ਕੌਰ, ਬੀਬੀ ਅਮਨਜੋਤ ਕੌਰ , ਬੀਬੀ ਰਾਜਵਿੰਦਰ ਕੌਰ ,ਬੀਬੀ ਗੁਰਦੀਪ ਕੌਰ ਨੇ ਬੜੇ ਹੀ ਸਤਿਕਾਰ ਅਤੇ ਸੁਚੱਜੇ ਢੰਗ ਨਾਲ ਬੱਚਿਆਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਅਤੇ ਜੀਵਨ ਸੰਬੰਧੀ ਇਤਿਹਾਸ ਬੱਚਿਆਂ ਨੂੰ ਸਰਵਣ ਕਰਵਾਇਆ । ਇਸ ਦੇ ਨਾਲ ਹੀ ਬੱਚਿਆ ਦੇ ਮੰਨੋਰੰਜਨ ਲਈ ਗੁਰਮਤਿ ਖੇਡਾਂ ਅਤੇ ਕਰਾਫਟ ਸੰਬੰਧੀ ਵੀ ਪ੍ਰੈਕਟੀਕਲ ਕਰਵਾਏ ਗਏ ।ਇਸ ਕੈਂਪ ਰਾਹੀ ਦੋ ਗਰੁੱਪਾਂ ਵਿੱਚ ਆਨ ਲਾਇਨ ਸਿੱਖਿਆ ਦੇਣ ਦਾ ਉਪਰਾਲਾ ਕੀਤਾ ਗਿਆ ਉਪ੍ਰੰਤ ਬੱਚਿਆਂ ਦੇ ਕੰਮਪੀਟੀਸ਼ਨ ਕਰਵਾਏ ਗਏ, ਜਿਸ ਦੇ ਨਤੀਜੇ ਧੰਨ-ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਬਾਲ ਫੁਲਬਾੜੀ ਵਲੋਂ ਘੋਸ਼ਿਤ ਕੀਤੇ ਗਏ । ਪਹਿਲੇ ਇਨਾਮ ਲਈ 6 ਬੱਚੇ ,ਦੂਜੇ ਇਨਾਮ ਲਈ 3 ਬੱਚੇ, ਤੀਜੇ ਇਨਾਮ ਲਈ 3 ਬੱਚੇ ਚੁਣੇ ਗਏ । ਇਸ ਦੇ ਨਾਲ ਹੀ ਕਨਸੁਲੇਸ਼ਨ ਇਨਾਮ ਲਈ 6 ਬੱਚੇ ਅਤੇ ਬੇਸਟ ਐਕਟਿਵਿਟੀ ਲਈ 3 ਬੱਚੇ ਚੁਣੇ ਗਏ ।

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਚੰਡੀਗੜ ਵਲੋਂ ਇਨਾਂ ਚੁਣੇ ਗਏ ਬੱਚਿਆਂ ਨੂੰ ਲਗਭਗ ਵੀਹ ਹਜ਼ਾਰ ਰੁਪਏ ਦੇ ਇਨਾਮ ਦੇਣ ਦਾ ਉਪਰਾਲਾ ਕੀਤਾ ਗਿਆ ਜੋ ਬਾਲ ਫੁਲਬਾੜੀ ਰਾਹੀ ਦਿੱਤੇ ਜਾ ਰਹੇ ਹਨ । ਦੋਨੋ ਗਰੁੱਪਾਂ ਦੇ ਸਾਰੇ ਬੱਚਿਆਂ ਨੂੰ ਸਰਟੀਫਿਕੇਟਸ ਵੀ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਚੰਡੀਗੜ ਵਲੋਂ ਬਾਲ ਫੁਲਬਾੜੀ ਰਾਹੀ ਦਿੱਤੇ ਜਾ ਰਹੇ ਹਨ

## ਧੰਨਵਾਦ :

# ਅਪ੍ਰੈਲ ਤੋਂ ਜੂਨ 2021 ਦੌਰਾਨ ਪ੍ਰਾਪਤ ਸਹਾਇਤਾ ਦਾ ਵੇਰਵਾ:-

| | | |
|---|---|---|
| 1. | Dr. Sharanjit Singh #2817/Phase- 7/Mohali | 4,000/- |
| 2. | S. Harjinder Singh Sachdeva #12, /Sunny Enclave/ Kharar | 2,000/- |
| 3. | S. Sarabjit Singh #49A/Comfort Homes/Kharar | 3,500/- |
| 4. | Mrs. Gurpreet Kaur Shinh, # 78, Dream Valley, Near OU Colony, Sheikhpat, Hyderabad- 500008 | 60,000/- |
| 5. | S. Narinder Bir Singh #1444/Sector- 34C/Chd | 4,000/- |
| 6. | Bibi Surjit Kaur #1444/Sector- 34C/Chd | 4,000/- |
| 7. | Bibi Rajleen Kaur #836/Phase II/Mohali | 500/- |
| 8. | Bibi. Harleen Kaur Sarna #107G/ Shivalik Vihar Naya Goan/ Mohali | 500/- |
| 9. | S. Harsharnpal Singh Bhatia #461/Sec. 44A/Chd | 1,000/- |
| 10. | Bibi Harpreet Kaur #461/Secror- 44A/Chd | 1,000/- |
| 11. | Bibi Gurdeep Kaur #461/Sector- 44A/Chd | 1,000/- |
| 12. | S. Hardip Singh #99/Phase- 3BI/Mohali | 10,000/- |
| 13. | S. Deep Singh #2978/Phase- 7/Mohali | 2,000/- |
| 14. | Bibi. Rajinder Singh Sarna #107G/ Shivalik Vihar Naya Goan/ Mohali | 3,000/- |
| 15. | S. Gurpreet Singh # 192/Sidhartha Enclave/New Delhi | 15,000/- |
| 16. | S. Gajinder Singh # 192/Sidhartha Enclave/New Delhi | 15,000/- |
| 17. | Bibi Baljit Kaur # 192/Sidhartha Enclave/New Delhi | 15,000/- |
| 18. | S. D.P. Singh #393/Phase- 9/Mohali | 9,150/- |
| 19. | S. Manjinder Singh # 1057/Sector- 42B/Chd | 2,000/- |
| 20. | S. Ranjit Singh #59B, Fateh Home/Chhaju Majra Colony | 500/- |
| 21. | Bibi Terinderjit Kaur # 992/Sector- 69/Mohali | 15,000/- |
| 22. | S. Davinder Singh # 261/Sector- 45A/Chd | 2,000/- |

**ਬੇਨਤੀ**

**ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।**